


# ੴ ਅੰਮ੍ਰਿਤ ਕੀਰਤਨ

ਭਾਈ ਉੱਤਮ ਸਿੰਘ 'ਪਤੰਗ'
ਸਿਮਰਤੀ ਅੰਕ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਸਤੰਬਰ 1996
ਮੁੱਲ : 10 ਰੁਪਏ

ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 9 ਸਾਲ ਅੱਠਵਾਂ ਸਤੰਬਰ 1996



| | |
|---|---|
| ਸਮਰਪਣ | 2 |
| ਜੀਵਨ ਦਰਪਣ ਭਾਈ ਉੱਤਮ ਸਿੰਘ | 3 |
| ਪ੍ਰਸ਼ੰਸਾ ਪੱਤਰ | 4-5 |
| ਸ਼ੋਕ ਮਤੇ | 6 |
| ਸ਼ਰਧਾਜਲੀਆਂ | 7 |
| ਸਾਡੇ ਭਾਪਾ ਜੀ ਉੱਤਮ ਸਿੰਘ ਪਤੰਗ – ਡਾ. ਗੁਰਮੁਖ ਸਿੰਘ | 12 |
| ਮੇਰੇ ਭਾਪਾ ਜੀ – ਪਰਮਜੀਤ ਕੌਰ | 14 |
| ਗੁਰ ਕੀਰਤਨ ਪ੍ਰੰਪਰਾ ਨੂੰ ਸਮਰਪਿਤ ਭਾਈ ਉੱਤਮ ਸਿੰਘ ਪਤੰਗ – ਰਣਜੀਤ ਰਾਹੀ | 17 |
| ਸਿਦਕਵਾਨ ਸਮਰਪਿਤ ਕੀਰਤਨੀਏ ਭਾਈ ਉੱਤਮ ਸਿੰਘ ਪਤੰਗ | 18 |
| ਸ਼ਬਦ ਰੀਤਾਂ : ਭਾਈ ਉੱਤਮ ਸਿੰਘ ਪਤੰਗ | |
| ਰਾਗ ਭੈਰਵ | 19 |
| ਰਾਗ ਗਉੜੀ ਗੁਆਰੇਰੀ | 20 |
| ਰਾਗ ਆਸਾ | 21 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ – ਪ੍ਰਿੰ. ਸਾਹਿਬ ਸਿੰਘ | 22 |



ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ



ਚੰਦੇ ਦਾ ਵੇਰਵਾ :

ਇਕ ਕਾਪੀ 10 ਰੁ.

ਸਲਾਨਾ 100 ਰੁ.

ਜੀਵਨਮੈਂਬਰ 1000 ਰੁ. (15 ਸਾਲ)

ਵਿਦੇਸ਼ ਸਲਾਨਾ 500 ਰੁ.

ਜੀਵਨਮੈਂਬਰ 5000 ਰੁ. (15 ਸਾਲ)

ਚਿੱਠੀ ਪੱਤਰ ਲਈ ਪਤਾ :

ਅੰਮ੍ਰਿਤ ਕੀਰਤਨ ਟ੍ਰਸਟ ਰਜਿ.

422, ਸੈਕਟਰ 15-ਏ

ਚੰਡੀਗੜ੍ਹ-160 015

ਫੋਨ : 772660

45452



ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।
- ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।
- 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।



## ਸਮਰਪਣ

ਮਾਰੂ ਮਹਲਾ ੫

ਕਲਜੁਗ ਮਹਿ ਕੀਰਤਨੁ ਪਰਧਾਨਾ ।
ਗੁਰਮੁਖਿ ਜਪੀਐ ਲਾਇ ਧਿਆਨਾ ॥

ਕਲਯੁਗ ਵਿਚ ਕੀਰਤਨ ਨੂੰ ਪ੍ਰਧਾਨ ਦਰਜਾ ਦਿਤਾ ਗਿਆ ਹੈ । ਪਰ ਗੁਰਬਾਣੀ ਵਿਚ ਵਰਣਿਤ ਕੀਰਤਨ ਦੀ ਅਪਾਰ ਮਹਿਮਾ ਦੇ ਗੌਰਵ ਨੂੰ ਵਿਵਹਾਰਕ ਰੂਪ ਵਿਚ ਕਾਇਮ ਰਖ ਸਕਣਾ ਵਿਰਲੇ ਵਿਅਕਤੀਆਂ ਦੇ ਹਿੱਸੇ ਹੀ ਆਇਆ ਹੈ । ਇਕ ਪਾਸੇ ਗੁਰੂ ਕੇ ਕੀਰਤਨੀਏ ਹੋਣ ਦਾ ਮਾਣ ਦੂਜੇ ਪਾਸੇ ਸੰਗੀਤ ਕਲਾ ਦੀ ਵਥ ਨਾਲ ਸ਼ਿੰਗਾਰ ਹੋਣ ਦਾ ਆਪਣੀ ਹੂੰਦ 'ਭਲੋ ਭਲੋ ਰੇ ਕੀਰਤਨੀਆ' ਦੇ ਆਦਰਸ਼ ਸਾਂਹਵੇ ਇਕ ਵੱਡੀ ਹਉਮੈ ਵੀ ਸਿਰਜਦਾ ਹੈ । ਇਸ ਹਉਮੈ ਤੋਂ ਰਹਿਤ ਹੋ ਕੇ ਨਿਸ਼ਕਾਮ ਸਹਿਜ ਰੂਪ ਵਿਚ ਪ੍ਰਤਿਬੱਧਤਾ ਸਹਿਤ ਕੀਰਤਨ ਕਰਨ ਵਾਲੇ ਪੁਰਾਤਨ ਕੀਰਤਨੀਆਂ ਦੀਆਂ ਤਾਂ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ ਪਰ ਸਮਕਾਲੀ ਕੀਰਤਨ ਜਗਤ ਵਿਚ ਕੋਈ 'ਹਰਿਓ ਬੂਟ ਰਹਿਓ ਰੀ'। ਕਿੰਨੇ ਕੁ ਕੀਰਤਨੀਏ ਹਨ ਜਿਹੜੇ ਗੁਰਮਤਿ ਸੰਗੀਤ ਦੀ ਮਰਿਆਦਤ ਪਰੰਪਰਾ ਨਾਲ ਜੁੜੇ ਹੋਏ ਹਨ । ਕਿੰਨੇ ਕੁ ਕੀਰਤਨੀਏ ਹਨ ਜਿਨ੍ਹਾਂ ਦੀ ਸੁਰਤਿ ਗੁਰੂ ਚਰਨਾਂ ਵਿਚ ਲਗੀ ਹੋਈ ਹੈ । ਕਿੰਨੇ ਕੀਰਤਨੀਏ ਹਨ ਜਿਹੜੇ ਗੁਰ ਦਰਬਾਰ ਵਿਚ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਰਤਨ ਕਰਦੇ ਹਨ ? ਸ਼ਾਇਦ ਕੁਝ ਵਿਰਲੇ ਹੀ ਹੋਣ ।

ਭਾਈ ਉਤਮ ਸਿੰਘ ਪਤੰਗ ਉਮਰ ਭਰ ਨਿਸ਼ਕਾਮ ਰੂਪ ਵਿਚ ਗੁਰੂ ਘਰ ਦੀ ਸੇਵਾ ਕਰਦੇ ਰਹੇ ਉਹਨਾਂ ਦੀ ਕਥਨੀ/ਕਰਨੀ, ਜੀਵਨ ਅਤੇ ਕੀਰਤਨ ਵਿਚ ਇਕ ਸਹਿਜ ਸੀ । ਉਹਨਾਂ ਦਾ ਸਹਿਜ ਰੂਪ ਵਿਚ ਕੀਤਾ ਕੀਰਤਨ ਥਾਂਏਂ ਪੈਂਦਾ ਸੀ । ਇਹੀ ਕਾਰਣ ਹੈ ਉਹ ਘੰਟਿਆਂ ਬੱਧੀ ਅਡੋਲ ਸਮਾਧੀ ਵਿਚ ਕੀਰਤਨ ਕਰਨ ਦੀ ਸਮਰੱਥਾ ਰਖਦੇ ਸਨ । ਆਮ ਤੌਰ ਤੇ ਆਪ ਰਾਗ ਨਾਲ ਸੰਜੋਇਆ ਹੋਇਆ ਸ਼ਬਦ ਪ੍ਰਧਾਨ ਕੀਰਤਨ ਕਰਦੇ ਪਰ ਆਸਾ ਦੀ ਵਾਰ, ਬਸੰਤ, ਮਲ੍ਹਾਰ ਅਤੇ ਕਲਿਯਾਨ ਦੀਆਂ ਚੌਕੀਆਂ ਵਿਚ ਕਲਾ ਅਤੇ ਤਪਸਿਆ ਦਾ ਉਤਮ ਨਮੂਨਾ ਆਪ ਦੀ ਵਿਸ਼ਸ਼ਟਤਾ ਸੀ । ਜੀਵਨ ਭਰ ਹਰ ਪ੍ਰਕਾਰ ਦੇ ਮਾਨ-ਸਨਮਾਨ ਪ੍ਰਾਪਤੀਆਂ ਦੀ ਸੰਤੁਸ਼ਟੀ ਲੈ ਕੇ ਪਿਛਲੇ ਵਰ੍ਹੇ ੫ ਸਤੰਬਰ ਨੂੰ ਪਰਲੋਕ ਸਿਧਾਰੇ ਭਾਈ ਸਾਹਿਬ "ਜੋ ਜਨੁ ਕਰੈ ਕੀਰਤਨੁ ਗੋਪਾਲ, ਤਿਸ ਕਉ ਪੋਹਿ ਨਾ ਸਕੈ ਜਮ ਕਾਲੁ" ਦੇ ਵਾਕ ਅਨੁਸਾਰ ਗੁਰੂ ਚਰਣਾ ਵਿਚ ਜਾ ਬਿਰਾਜੇ । ਗੁਰਦੁਆਰਾ ਜੋਤੀ ਸਰੂਪ ਦੇ ਅੰਦਰਲੇ ਗੁਰ ਦਰਬਾਰ ਵਿਚ ਅਜੇ ਤਕ ਗੁਰੂ ਸਾਹਿਬਾਨ ਤੇ ਸਾਹਿਬਜ਼ਾਦਿਆਂ ਦੇ ਵਿਭਿੰਨ ਸਮਾਗਮ ਹੀ ਹੋਇਆ ਕਰਦੇ ਹਨ । ਪਰ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਫਤਿਹ ਸਿੰਘ ਦੇ ਅਨਿਨ ਸੇਵਕ ਭਾਈ ਸਾਹਿਬ ਦੀ ਇਥੇ ਹੋਈ ਅੰਤਿਮ ਅਰਦਾਸ ਸਮੇਂ ਹੋਰਨਾਂ ਮਹਾਨ ਸਖਸ਼ੀਅਤਾਂ ਤੋਂ ਇਲਾਵਾ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਠੀਕ ਹੀ ਆਖਿਆ ਸੀ ਕਿ ਭਾਈ ਸਾਹਿਬ ਨੇ ਉਮਰ ਭਰ ਇਸ ਅਸਥਾਨ ਦੀ ਸੇਵਾ ਕੀਤੀ ਇਸ ਲਈ ਅਸੀਂ ਉਹਨਾਂ ਦੀ ਅੰਤਿਮ ਅਰਦਾਸ ਲਈ ਇਸ ਪਵਿੱਤਰ ਸਥਾਨ ਤੇ ਜੁੜੇ ਹਾਂ । ਵਰਤਮਾਨ ਯੁਗ ਵਿਚ ਅਜਿਹੇ ਜੀਵਨ ਵਾਲੇ ਮਹਾਨ ਕੀਰਤਨੀਏ ਲੱਭਣੇ ਮੁਸ਼ਕਿਲ ਹਨ । ਇਹ ਸਾਡੇ ਸਾਰਿਆਂ ਲਈ ਸੁਭਾਗ ਤੇ ਮਾਣ ਵਾਲੀ ਗੱਲ ਹੈ । "ਸ਼ਾਇਦ ਗੁਰਦੁਆਰਾ ਜੋਤੀ ਸਰੂਪ ਦੇ ਅੰਦਰਲੇ ਦਰਬਾਰ ਵਿਚ ਕਿਸੇ ਵਿਅਕਤੀ ਵਿਸ਼ੇਸ਼ ਦੀ ਅੰਤਿਮ ਅਰਦਾਸ ਦੀ ਇਹ ਆਖਰੀ ਰਸਮ ਹੋਵੇ"। ਸਿੱਖ ਪੰਥ ਦੇ ਅਜਿਹੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਉਤਮ ਸਿੰਘ ਪਤੰਗ ਨੂੰ ਅੰਮ੍ਰਿਤ ਕੀਰਤਨ ਦਾ ਇਹ ਵਿਸ਼ੇਸ਼ ਅੰਕ ਸਮਰਪਤ ਕਰਨ ਦਾ ਮਾਣ ਲੈ ਰਹੇ ਹਾਂ । ਇਸ ਵਿਚ ਉਹਨਾਂ ਦੀ ਜੀਵਨ ਝਲਕ ਅਤੇ ਉਹਨਾਂ ਦੀਆਂ ਕੁਝ ਸ਼ਬਦ ਕੀਰਤਨ ਬੰਦਸ਼ਾ ਦਿਤੀਆਂ ਜਾ ਰਹੀਆਂ ਹਨ । ਗੁਰਮਤਿ ਸੰਗੀਤ ਵਿਚ ਕੀਰਤਨ ਆਦਰਸ਼ ਦੇ ਜਗਮਗਾਉਂਦੇ ਸਿਤਾਰੇ ਵਜੋਂ ਭਾਈ ਸਾਹਿਬ ਦਾ ਜੀਵਨ ਪੈਰ ਪੈਰ ਤੇ ਸਾਡੀ ਰਹਿਨੁਮਾਈ ਕਰਦਾ ਰਹੇਗਾ ।

ਜੋਗਿੰਦਰ ਸਿੰਘ



# ਜੀਵਨ ਦਰਪਣ

## ਭਾਈ ਉੱਤਮ ਸਿੰਘ 'ਪਤੰਗ'

ਜਨਮ ਮਿਤੀ : 10 ਜੁਲਾਈ, 1928 ਜਨਮ ਸਥਾਨ : ਪਿੰਡ ਗੋਬਿੰਦਪੁਰਾ, ਜ਼ਿਲਾ ਗੁਜਰਾਤ (ਪਾਕਿਸਤਾਨ)

ਪਿਤਾ : ਸ੍ਰ. ਗੁਰਮੁਖ ਸਿੰਘ ਮਾਤਾ : ਸ੍ਰੀਮਤੀ ਠਾਕਰ ਕੌਰ

ਪ੍ਰਸ਼ੰਸਾ : ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਵਿਸ਼ਾਖਾਪਟਨਮ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਪਟਿਆਲਾ, ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਸਰਹੰਦ, ਲਾਹੌਰ, ਗੰਗਾ ਨਗਰ, ਸ੍ਰੀ ਨਗਰ, ਰਾਮਪੁਰ, ਬਰੇਲੀ, ਆਦਿ ਵਿਖੇ ਸੰਗਤਾਂ ਨੂੰ ਕੀਰਤਨ ਸੁਣਾਕੇ ਮਾਣ ਪ੍ਰਾਪਤ ਕੀਤਾ ।

ਸਨਮਾਨ : ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਰਾਗੀ ਐਵਾਰਡ, ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ, ਧਰਮ ਪ੍ਰਚਾਰ ਕਮੇਟੀ ਚੀਫ ਕਾਲਸਾ ਦੀਵਾਨ ਅਤੇ ਗੁਰਮਤ ਸੰਗੀਤ ਸੰਮੇਲਨ 1992 ਜਵੱਦੀ ਕਲਾਂ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ।

ਦੇਹਾਂਤ : 21 ਸਤੰਬਰ, 1995.



ਭਾਸ਼ਾ ਵਿਭਾਗ, ਪੰਜਾਬ

# ਸ਼੍ਰੋਮਣੀ ਰਾਗੀ ਪੁਰਸਕਾਰ

## 1991

## ਭਾਈ ਉੱਤਮ ਸਿੰਘ 'ਪਤੰਗ'

ਅਤਿਅੰਤ ਟਿਕਾਉ ਵਿਚ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਨ ਵਾਲੇ ਭਾਈ ਉੱਤਮ ਸਿੰਘ 'ਪਤੰਗ' ਦਾ ਕੀਰਤਨ ਕਰਨ ਦਾ ਅੰਦਾਜ਼ ਬੜਾ ਨਵੇਕਲਾ ਹੈ । ਆਪ ਗੁਰੂ ਜਸ ਦੁਆਰਾ ਸੰਗਤਾਂ ਨੂੰ ਮੰਤਰ ਮੁਗਧ ਕਰਕੇ ਉਚੇ ਗਗਨਾਂ ਵਿਚ ਲੈ ਜਾਂਦੇ ਹਨ । ਗੁਰਬਾਣੀ ਦਾ ਸ਼ੁੱਧ ਅਤੇ ਸਪਸ਼ਟ ਉਚਾਰਣ, ਨਿਰਧਾਰਿਤ ਰਾਗਾਂ ਵਿਚ ਗਾਇਨ ਅਤੇ ਸੁਰਤਾਲ ਦੀ ਇਕਸੁਰਤਾ ਆਪ ਜੀ ਦੀ ਕਲਾ ਦੇ ਮੀਰੀ ਗੁਣ ਹਨ । ਸੰਗਤਾਂ ਨੂੰ ਕੀਰਤਨ ਦੀ ਪ੍ਰਤੱਖ ਸ਼ਕਤੀ ਦੇ ਜੌਹਰ ਦਿਖਾ ਕੇ ਆਪ ਨੇ ਦੇਸ਼ ਬਦੇਸ਼ ਵਿਚ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ।

ਗੁਰੂ ਘਰ ਨਾਲ ਜੁੜੇ ਇਸ ਮਹਾਨ ਕੀਰਤਨੀਏ ਦਾ ਸਨਮਾਨ ਕਰਦਿਆਂ ਸਾਨੂੰ ਖੁਸ਼ੀ ਤੇ ਫ਼ਖ਼ਰ ਹੈ ।

ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ

# ਭਾਈ ਉੱਤਮ ਸਿੰਘ 'ਪਤੰਗ' ਨੂੰ
# ਭਾਈ ਸਾਹਿਬ ਭਾਈ ਹੀਰਾ ਸਿੰਘ ਜੀ
# ਸ਼੍ਰੋਮਣੀ ਰਾਗੀ ਐਵਾਰਡ



ਕਿਸੇ ਕੌਮ ਦਾ ਸਰਮਾਇਆ ਉਸ ਕੌਮ ਦੇ ਵਿਦਵਾਨ ਅਤੇ ਪ੍ਰਚਾਰਕ ਹੁੰਦੇ ਹਨ ਜੋ ਕੌਮ ਦੀ ਅਨਮੋਲ ਪਨੀਰੀ ਨੂੰ ਪੁਰਾਤਨ ਵਿਰਸੇ ਨਾਲ ਜੋੜਨ ਦਾ ਯਤਨ ਕਰਦੇ ਹਨ । ਜਦ ਇਹ ਸਰਮਾਇਆ ਕੇਵਲ ਸੀਮਤ ਹੋ ਕੇ ਰਹਿ ਜਾਵੇ ਤਾਂ ਆਣ ਵਾਲੇ ਸਮੇਂ ਵਿਚ ਇਸ ਦੀ ਹੋਂਦ ਇਕ ਕਾਲਪਨਿਕ ਰੂਪ ਧਾਰਨ ਕਰ ਸਕਦੀ ਹੈ । ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਮੁੱਚਾ ਅਧਾਰ ਰਾਗਾਂ ਤੇ ਨਿਰਭਰ ਕਰਦਾ ਹੈ । ਇਸੇ ਲਈ ਪਾਤਸ਼ਾਹ ਨੇ ਆਰੰਭ ਵਿਚ ਹੀ ਉਹਨਾਂ ਪੁਰਾਤਨ ਧੁਨੀਆਂ ਦਾ ਜ਼ਿਕਰ ਵੀ ਕੀਤਾ ਹੈ ਜਿਸ ਦੇ ਅਧਾਰ ਤੇ ਉਸ ਰਾਗ ਨੂੰ ਗਾਇਣ ਕੀਤਾ ਜਾ ਸਕਦਾ ਹੈ ।

ਭਾਈ ਉਤਮ ਸਿੰਘ ਜੀ ਪਤੰਗ ਦਾ ਜਨਮ ਮਾਤਾ ਸ੍ਰੀਮਤੀ ਠਾਕੁਰ ਕੌਰ ਦੀ ਕੁੱਖੋਂ ਅਤੇ ਸ: ਗੁਰਮੁਖ ਸਿੰਘ ਦੇ ਗ੍ਰਹਿ ਵਿਖੇ 10 ਜੁਲਾਈ, 1928 ਨੂੰ ਹੋਇਆ । ਆਪ ਨੇ ਸੰਗੀਤ ਦੀ ਵਿੱਦਿਆ ਉਸਤਾਦ ਪਿਆਰੇ ਖਾਂ (ਗੁਜਰਾਤ ਨਿਵਾਸੀ) ਅਤੇ ਗੁਰਮਤਿ ਸੰਗੀਤ ਦੀ ਵਿਦਿਆ ਆਪਣੇ ਪਿਤਾ ਭਾਈ ਗੁਰਮੁੱਖ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ । ਇਸ ਨੂੰ ਅਸੀਂ ਕੁਦਰਤ ਦੀ ਬਖਸ਼ਿਸ਼ ਹੀ ਕਹਿ ਸਕਦੇ ਹਾਂ ਕਿ ਪੀੜ੍ਹੀ ਦਰ ਪੀੜ੍ਹੀ ਇਸ ਖਾਨਦਾਨ ਪਾਸ ਸੰਗੀਤ ਤੇ ਗੁਰਮਤਿ ਸੰਗੀਤ ਦਾ ਇਹ ਵਿਰਸਾ ਤੁਰਿਆ ਆ ਰਿਹਾ ਹੈ । ਆਪ ਦੇ ਪਿਤਾ ਭਾਈ ਗੁਰਮੁੱਖ ਸਿੰਘ ਵੀ ਗੁਰਮਤਿ ਸੰਗੀਤ ਦੇ ਪ੍ਰਸਿਧ ਉਸਤਾਦਾਂ ਵਿਚੋਂ ਇਕ ਸਨ ਤੇ ਆਪ ਦੇ ਸਪੁੱਤਰ ਡਾਕਟਰ ਜਗੀਰ ਸਿੰਘ ਨੇ ਜਿਥੇ ਕਲਾ ਸੀਕਲ ਪਰੰਪਰਾ ਨੂੰ ਅਪਣਾਇਆ ਹੈ ਉਥੇ ਇਸੇ ਹੀ ਵਿਸ਼ੇ ਤੇ ਡਾਕਟਰੇਟ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ । ਆਪ ਟਕਸਾਲੀ ਪ੍ਰੰਪਰਾਗਤ ਕੀਰਤਨ ਨਿਰੰਤਰ ਆਪਣੀ ਹੋਸ਼ ਤੋਂ ਕਰਦੇ ਆ ਰਹੇ ਹਨ । ਆਪ ਪਾਸ ਕੀਰਤਨ ਬੰਦਸ਼ਾਂ ਦਾ ਖਜ਼ਾਨਾ ਹੈ, ਜੋ ਆਪ ਸੁਰ ਲਿਪੀ ਵਿਚ ਬੰਨ੍ਹ ਰਹੇ ਹਨ ।

ਆਪ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਦੂਖ ਨਿਵਾਰਨ ਸਾਹਿਬ, ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਚ ਹਜ਼ੂਰੀ ਰਾਗੀ ਦੇ ਤੌਰ ਤੇ ਕੀਰਤਨ ਦੀ ਸੇਵਾ ਨਿਭਾਈ ਹੈ ਤੇ ਇਸ ਸਮੇਂ ਵਿਚ ਆਪ ਨੂੰ ਅਨੇਕਾਂ ਸਭਾ, ਸੋਸਾਇਟੀਆਂ ਨੇ ਸਨਮਾਨ ਤੇ ਸਤਿਕਾਰ ਦਿਤੇ ਹਨ । ਆਪ ਦਾ ਕਥਨ ਹੈ ਕਿ ਕੀਰਤਨ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਹੋਣਾ ਚਾਹੀਦਾ ਹੈ । ਇਹੀ ਕਾਰਨ ਹੈ ਕਿ ਆਪ ਟੀ.ਵੀ. ਤੇ ਸਟੂਡੀਓ ਵਿਚ ਕਦੇ ਵੀ ਕੀਰਤਨ ਕਰਨ ਨਹੀਂ ਗਏ । ਰੇਡੀਓ ਜਾਂ ਟੀ.ਵੀ. ਵਾਲੇ ਖੁਦ ਫਤਹਿਗੜ੍ਹ ਸਾਹਿਬ ਆ ਕੇ ਜਿਥੇ ਆਪ ਸਰਵਿਸ ਕਰਦੇ ਹਨ ਰੀਕਾਰਡਿੰਗ ਕਰਕੇ ਲੈ ਜਾਂਦੇ ਹਨ । ਕੀਰਤਨ ਦੀ ਅਸਲ ਮਰਯਾਦਾ ਸਤਿਗੁਰੂ ਦੀ ਹਜ਼ੂਰੀ ਵਿਚ ਹੀ ਨਿਭਾਈ ਜਾ ਸਕਦੀ ਹੈ । ਆਪ ਦੇ ਜੀਵਨ ਦਾ ਆਦਰਸ਼ ਕੇਵਲ ਤੇ ਕੇਵਲ ਕੀਰਤਨ ਹੀ ਹੈ । ਆਪ ਦਾ ਕਥਨ ਹੈ ਕਿ ਮੇਰੀ ਸਭ ਤੋਂ ਵੱਡੀ ਪ੍ਰਾਪਤੀ ਮੇਰੇ ਇਹ ਬੇਟੇ ਹਨ ਜਿਨ੍ਹਾਂ ਨੂੰ ਮੈਂ ਕੌਮ ਦੀ ਸੇਵਾ ਵਿਚ ਸਮਰਪਤ ਕੀਤਾ ਹੈ ਅਤੇ ਜਿਨ੍ਹਾਂ ਨੇ ਗੁਰੂ ਘਰ ਦੀਆਂ ਪ੍ਰੰਪਰਾਗਤ ਸ਼ੈਲੀਆਂ ਨੂੰ ਅੱਜ ਦੇ ਕੰਨ ਰਸ ਵਾਲੇ ਸਮੇਂ ਵਿਚ ਵੀ ਕਾਇਮ ਰੱਖਿਆ ਹੈ । ਜਲਦੀ ਹੀ ਆਪ ਬੰਦਸ਼ਾਂ ਦਾ ਇਕ ਸੰਗ੍ਰਹਿ ਕੌਮ ਨੂੰ ਸਮਰਪਤ ਕਰਨਗੇ । ਆਪ ਦੀਆਂ ਇਨ੍ਹਾਂ ਅਮੋਲਕ ਸੇਵਾਵਾਂ ਦਾ ਸਤਿਕਾਰ ਕਰਦਿਆਂ ਹੋਇਆਂ ਆਪ ਨੂੰ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਸ਼੍ਰੋਮਣੀ ਰਾਗੀ ਐਵਾਰਡ, 1100/- ਰੁਪਏ, ਸ਼ਾਲ ਸਿਰੋਪਾਓ ਅਤੇ ਯਾਦਗਾਰੀ ਚਿੰਨ (ਮੈਮੰਟੋ) ਸਮਰਪਤ ਕੀਤਾ ਜਾ ਰਿਹਾ ਹੈ ।

ਸ: ਭਾਗ ਸਿੰਘ ਅਣਖੀ
ਚੀਫ ਖਾਲਸਾ ਦੀਵਾਨ



# ਸ਼ੋਕ ਮਤੇ

■ ਸ਼੍ਰੋਮਣੀ ਰਾਗੀ ਭਾਈ ਉਤਮ ਸਿੰਘ ਪਤੰਗ ਦੇ ਅਚਾਨਕ ਚਲਾਣੇ ਨਾਲ ਪੰਜਾਬ ਹੀ ਨਹੀਂ ਸਗੋਂ ਸਮੁਚੇ ਹਿੰਦੁਸਤਾਨ ਵਿਚ ਸ਼ੋਕ ਦੀ ਲਹਿਰ ਫੈਲ ਗਈ । ਆਪ ਦਾ ਕੀਰਤਨ ਕਰਨ ਦਾ ਅੰਦਾਜ਼ ਬੜਾ ਨਿਵੇਕਲਾ ਸੀ ਗੁਰੂ ਦਾ ਜਸ ਗਾਇਨ ਕਰਦੇ ਵਕਤ ਆਪ ਪੂਰੀ ਤਰ੍ਹਾਂ ਇਕਾਗਰ ਚਿਤ ਹੋ ਜਾਂਦੇ ਸਨ । ਆਪ ਦਾ ਉਚਾਰਣ ਪੂਰੀ ਤਰ੍ਹਾਂ ਸ਼ੁੱਧ ਅਤੇ ਸਪਸ਼ਟ ਸੀ । ਗੁਰਬਾਣੀ ਦਾ ਗਾਇਨ ਨਿਰਧਾਰਿਤ ਰਾਗਾਂ ਵਿਚ ਕਰਨਾ ਆਪ ਦਾ ਮੁੱਖ ਗੁਣ ਸੀ । ਅਜਿਹੇ ਪਹੁੰਚੇ ਹੋਏ ਗੁਰੂ ਘਰ ਦੇ ਕੀਰਤਨੀਏ ਦਾ ਵਿਛੋੜਾ ਪੂਰੀ ਤਰ੍ਹਾਂ ਅਸਹਿ ਹੈ । ਭਾਸ਼ਾ ਵਿਭਾਗ, ਪੰਜਾਬ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ ਪ੍ਰਮਾਤਮਾ ਅਗੇ ਦੁਆ ਕਰਦੇ ਹਨ ਕਿ ਵਿਛੜੀ ਰੂਹ ਨੂੰ ਚਰਨਾਂ ਵਿਚ ਨਿਵਾਸ ਬਖ਼ਸ਼ੇ ਅਤੇ ਦੁਖੀ ਪਰਿਵਾਰ ਨੂੰ ਭਾਣਾ ਮੰਨਣ ਦੀ ਸਮਰਥਾ ਬਖ਼ਸ਼ੇ ।

ਭਾਸ਼ਾ ਵਿਭਾਗ ਪੰਜਾਬ
ਪਟਿਆਲਾ

■ ਸਤੰਬਰ ਨੂੰ ਨਾਮ ਰਸੀਏ ਗੁਰਮਖ ਸਿਖ ਦਾ ਨਮੂਨਾ ਭਾਈ ਉਤਮ ਸਿੰਘ ਪਤੰਗ, ਆਪਣੀ ਸਾਰੀ ਜ਼ਿੰਦਗੀ, ਗੁਰੂ ਘਰ ਵਿਚ ਕੀਰਤਨ ਦੀ ਲੰਬੀ ਸੇਵਾ ਨਿਭਾਂਦੇ ਹੋਏ ਗੁਰੂ ਲੇਖੇ ਲਾ ਕੇ ਇਸ ਸੰਸਾਰ ਨੂੰ ਤਿਆਗ ਕੇ ਗੁਰਪੁਰੀ ਸਿਧਾਰ ਗਏ ਹਨ ਤੇ ਸਰੋਤਿਆਂ ਦੇ ਮਨ ਅੰਦਰ ਸਦੀਵੀ ਪਿਆਰ ਦੀ ਨਜ਼ਰ ਵਿਚ ਉਤਮ ਯਾਦਗਾਰ ਛਡ ਗਏ ਹਨ । ਆਪ ਨੇ ਕੀਰਤਨ ਸੰਬੰਧੀ ਜਿਹੜੀ ਸੇਵਾ ਕੀਤੀ ਹੈ ਉਹ ਅਦੁੱਤੀ ਹੈ ਤਾਂ ਹੀ ਉਹਨਾਂ ਨੂੰ ਚੀਫ ਖਾਲਸਾ ਦੀਵਾਨ ਵਲੋਂ ਭਾਈ ਹੀਰਾ ਸਿੰਘ ਸ਼੍ਰੋਮਣੀ ਰਾਗੀ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਸੀ ਤੇ ਭਾਸ਼ਾ ਵਿਭਾਗ ਪੰਜਾਬ ਨੇ ਸ਼੍ਰੋਮਣੀ ਰਾਗੀ ਅਵਾਰਡ ਪ੍ਰਦਾਨ ਕੀਤਾ ਸੀ । ਆਪ ਨੂੰ ਗੁਰਮਤਿ ਸੰਗੀਤ ਸੁਸਾਇਟੀ ਵਲੋਂ ਵੀ ਸ਼੍ਰੋਮਣੀ ਰਾਗੀ ਅਵਾਰਡ ਪ੍ਰਦਾਨ ਹੋਇਆ ਸੀ । ਆਪ ਦਾ ਵਿਛੋੜਾ ਨਿਰਸੰਦੇਹ, ਗੁਰਬਾਣੀ ਸੰਗੀਤ ਪਰੰਪਰਾ ਵਿਚ ਇਕ ਅਮਿੱਟ ਘਾਟਾ ਹੈ । ਉਹ ਆਪਣੀਆਂ ਖੂਬੀਆਂ ਅਤੇ ਪ੍ਰਾਪਤੀਆਂ ਆਪਣੇ ਸਪੁੱਤਰਾਂ ਡਾ ਜਾਗੀਰ ਸਿੰਘ, ਡਾ. ਬਚਿੱਤਰ ਸਿੰਘ ਅਤੇ ਡਾ. ਗੁਰਨਾਮ ਸਿੰਘ ਨੂੰ ਵਿਰਸੇ ਵਿਚ ਦੇ ਗਏ ਹਨ । ਸਤਿਗੁਰੂ ਇਹਨਾਂ ਸਪੁੱਤਰਾਂ ਨੂੰ ਉਹਨਾਂ ਦੇ ਪੂਰਨਿਆਂ ਤੇ ਚਲਣ ਦੀ ਸਮਰਥਾ ਬਖ਼ਸ਼ੇ ਅਤੇ ਨੇਕੀ ਅਤੇ ਨਾਮ ਦੇ ਰਸਤੇ ਟੁਰਨ ਵਿਚ ਸਹਾਈ ਹੋਵੇ । ਇਸ ਵਿਜੋਗ ਵਿਚ ਮੇਰੀ ਦਿਲੀ ਹਮਦਰਦੀ ਭਾਈ ਸਾਹਿਬ ਦੇ ਸਾਰੇ ਪਰਿਵਾਰ ਨਾਲ ਹੈ । ਅਕਾਲ ਪੁਰਖ ਅਗੇ ਅਰਦਾਸ ਹੈ ਕਿ ਗੁਰੂ ਘਰ ਦੇ ਇਸ 'ਢਾਡੀ' ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਸਿੱਖ ਕੌਮ ਵਿਚ ਇਹੋ ਜਿਹੇ ਹੋਰ ਸਿਦਕ ਦੇ ਪੁਤਲਿਆ ਨੂੰ ਭੇਜਣ ਦੀ ਕਿਰਪਾਲਤਾ ਕਰਨ ।

ਅਗਿਆਪਾਲ ਸਿੰਘ (ਮੇਜਰ ਰਿ.)
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ
ਚੰਡੀਗੜ

■ ਜਿਲ੍ਹਾ ਲਿਖਾਰੀ ਸਭਾ (ਰਜ਼ਿ) ਫਤਿਹਗੜ੍ਹ ਸਾਹਿਬ ਦੀ ਵਿਸ਼ੇਸ਼ ਇਕਤਰਤਾ, ਸਿੱਖ ਜਗਤ ਦੇ ਮਹਾਨ ਕੀਰਤਨੀਏ ਪ੍ਰਤਿਭਾਵਾਨ ਤੇ ਸਿਦਕਵਾਨ ਸਖ਼ਸ਼ੀਅਤ, ਸ਼੍ਰੋਮਣੀ ਰਾਗੀ ਪੁਰਸਕਾਰ ਪ੍ਰਾਪਤ ਕਰਤਾ, ਭਾਈ ਉਤਮ ਸਿੰਘ ਪਤੰਗ ਜੀ ਦੇ ਅਚਾਨਕ ਅਕਾਲ ਚਲਾਣੇ ਤੇ ਅਥਾਹ ਦੁੱਖ ਤੇ ਸ਼ੋਕ ਦਾ ਪ੍ਰਗਟਾਵਾ ਕਰਦੀ ਹੈ । ਸਭਾ ਮਹਿਸੂਸ ਕਰਦੀ ਹੈ ਕਿ ਅਜਿਹੀ ਮਹਾਨ ਸਖਸ਼ੀਅਤ ਦਾ ਸਾਡੇ ਵਿਚੋਂ ਅਲੋਪ ਹੋ ਜਾਣਾ ਨਾ ਕੇਵਲ ਸਾਡੇ ਲਈ ਹੀ ਸਗੋਂ ਸਮੁਚੇ ਪੰਜਾਬ ਤੇ ਪੰਥ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ । ਸਰਬਸ਼ਕਤੀਮਾਨ ਪਰਮਾਤਮਾ ਅਗੇ ਅਰਦਾਸ ਹੈ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਸਾਰੇ ਪਰਿਵਾਰ ਤੇ ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

ਜ਼ਿਲਾ ਲਿਖਾਰੀ ਸਭਾ (ਰਜ਼ਿ:)
ਫਤਿਹਗੜ੍ਹ ਸਾਹਿਬ
ਸਰਹਿੰਦ ।



## ਸ਼ਰਧਾਜਲੀਆਂ



- " ਭਾਈ ਸਾਹਿਬ ਬਹੁਤ ਸੁੰਦਰ ਕੀਰਤਨ ਕਰਦੇ ਸਨ, ਆਵਾਜ਼ ਵੀ ਬੜੀ ਸੁਰੀਲੀ ਦਿਲ ਮੋਹਣੀ ਸੀ ਭਾਣਾ ਅਕਾਲ ਪੁਰਖ ਦਾ "

*ਸ੍ਰ. ਗੁਰਪ੍ਰੀਤ ਸਿੰਘ*
*ਨਵੀਂ ਦਿੱਲੀ*

- ਸ਼ਰਧਾ ਭਾਵਨਾ ਵਾਲੇ ਸੁਹਿਰਦ ਸੱਜਣ ਭਾਈ ਉਤਮ ਸਿੰਘ ਜੀ ਦੇ ਗੁਰਪੁਰੀ ਸਿਧਾਰ ਜਾਣ ਤੇ ਆਪ ਦੇ ਦੁਖ ਵਿਚ ਚੀਫ ਖਾਲਸਾ ਦੀਵਾਨ ਦੀ ਸਮੂਹ ਸੰਗਤ ਤੇ ਮੁਖ ਸੇਵਕ ਸ਼ਾਮਲ ਹਨ । ਵਾਹਿਗੁਰੂ ਅਕਾਲ ਪੁਰਖ ਜੀ ਉਹਨਾਂ ਦੀ ਸੁਹਿਰਦ ਆਤਮਾ ਨੂੰ ਆਪਣੀ ਰਹਿਮਤ ਦੇ ਸਾਏ ਵਿਚ ਜਗਾ ਦੇਣ । ਪਰਿਵਾਰ ਨੂੰ ਹੁਕਮ ਮੰਨਣ ਦੀ ਯੋਗਤਾ ਪ੍ਰਦਾਨ ਕਰਨ ਤੇ ਸਾਨੂੰ ਸਭ ਨੂੰ ਉਨ੍ਹਾਂ ਦੇ ਸ਼ੁਭ ਗੁਣ ਗ੍ਰਹਿਣ ਕਰਨ ਦੀ ਸਦਬੁਧੀ ਬਖਸ਼ਿਸ਼ ਕਰਨ ।

*ਕਿਰਪਾਲ ਸਿੰਘ*
*ਐਕਸ ਐਮ.ਪੀ*
*ਪ੍ਰਧਾਨ ਚੀਫ ਖਾਲਸਾ ਦੀਵਾਨ*

- ਉਤਮ ਸਿੰਘ ਪਤੰਗ ਸਾਹਿਬ ਬਹੁਤ ਕੁਝ ਘਰ ਵਾਲਿਆਂ ਲਈ ਤੇ ਸਿੱਖ ਜਗਤ ਲਈ ਆਪਣੀਆਂ ਗਹਿਰੀਆਂ ਯਾਦਾਂ ਛਡ ਗਏ ਹਨ । ਆਪਣੇ ਪਰਿਵਾਰ ਲਈ ਜੋ ਕੁਝ ਕੀਤਾ ਉਹ ਇਕ ਆਪਣੀ ਮਿਸਾਲ ਹੈ । ਗੁਰਬਾਣੀ ਦੇ ਚੋਟੀ ਦੇ ਮੰਨੇ ਪਰਮੰਨੇ ਹੋਏ ਕੀਰਤਨੀਏ ਦੀ ਦਾਦ ਕੋਈ ਨਹੀਂ ਦੇ ਸਕਦਾ ਕਿਉਂਕਿ ਇਹ ਇਕ ਐਸੀ ਵਡੀ ਅਕਾਲ ਪੁਰਖ ਦੀ ਦਾਤ ਹੈ ਜੋ ਹਰ ਇਕ ਪ੍ਰਾਣੀ ਦੀ ਝੋਲੀ ਨਹੀਂ ਪੈਂਦੀ । ਇਹ ਸਾਰੇ ਗੰਧ੍ਰਬ ਵਾਹਿਗੁਰੂ ਦੇ ਘੱਲੇ ਹੀ ਆਉਂਦੇ ਹਨ ਤਾਂ ਜੋ ਕਲਜੁਗੀ ਲੋਕ ਕੀਰਤਨ ਦੁਆਰਾ ਅੰਮ੍ਰਿਤ ਵਰਖਾ ਨੂੰ ਸੁਣ ਕੇ ਆਪਣੇ ਜੀਵਨ ਨੂੰ ਸੋਧ ਲੈਣ ਤੇ ਪੁੰਨ ਵਾਲੇ ਬਣ ਕੇ ਦਰਗਾਹੀ ਬੰਦਿਆਂ ਵਿਚ ਸ਼ਾਮਿਲ ਹੋ ਸਕਣ । ਉਨ੍ਹਾਂ ਦੀ ਕੀਰਤਨ ਦੁਆਰਾ ਕੀਤੀ ਸਿੱਖ ਜਗਤ ਲਈ ਸੇਵਾ ਇਕ ਅਮਿਟ ਯਾਦ ਰਹੇਗੀ । ਮੇਰਾ ਅਕਾਲ ਪੁਰਖ ਗੁਰੂ ਨਾਨਕ ਨਿਰੰਕਾਰ ਉਨ੍ਹਾਂ ਨੂੰ ਜ਼ਰੂਰ ਆਪਣੀ ਦਰਗਾਹ ਲੈ ਗਿਆ ਹੈ ਕਿਉਂ ਜੋ ਵਸਤ ਭੀ ਉਹਨਾਂ ਦੀ ਹੀ ਸੀ । ਗੁਰੂ ਨਾਨਕ ਨਿਰੰਕਾਰ ਆਪ ਹੀ ਕੀਰਤਨ ਸਰੂਪ ਹੈ ਸੋ ਉਨ੍ਹਾਂ ਦੇ ਨਿਵਾਜੇ ਤੇ ਭੇਜੇ ਗਏ ਕੀਰਤਨੀਏ ਉਸ ਕੋਲ ਹੀ ਜਾਂਦੇ ਹਨ । ਉਸਦੀ ਖੇਡ ਅਸਚਰਜਮਈ ਹੈ ਪਰ ਆਪਣੇ ਪਿਆਰਿਆਂ ਲਈ ਹਮੇਸ਼ਾਂ ਹੀ ਬਖਸ਼ਿਸ਼ਾਂ ਭਰੀ ਹੈ । ਤੁਹਾਡੇ ਪਰਿਵਾਰ ਨਾਲੋਂ ਜ਼ਿਆਦਾ ਘਾਟਾ ਸਿਖ ਜਗਤ ਨੂੰ ਪਿਆ ਹੈ ਹੁਕਮ ਅਨੁਸਾਰ ਇਹ ਰੂਹਾਂ ਫੇਰ ਭੀ ਮਾਤ ਲੋਕ ਵਿਚ ਭੇਜੀਆਂ ਜਾਂਦੀਆਂ ਹਨ ਤੇ ਮਹਾਂਪੁਰਸ਼ਾ, ਬ੍ਰਹਮ ਗਿਆਨੀਆਂ ਵਜੋਂ ਫੇਰ ਵਿਚਰਦੀਆਂ ਹਨ । ਜੋ ਕੀਰਤਨ ਹੁਣ ਗੁਰੂ ਕਾਲ ਤੋਂ ਸ਼ੁਰੂ ਹੋਇਆ ਜਾਰੀ ਹੈ ਭਾਵੇਂ ਆਵਾਜ਼ ਹਜ਼ੂਰੀ ਰਾਗੀ ਦੀ ਹੈ ਜਾਂ ਕੈਸਟਾਂ ਥਾਈਂ ਕੰਨੀ ਪੈਂਦੀ ਹੈ ਏਸੇ ਨੇ ਹੀ ਸੂਖਸ਼ਮ ਤੇ ਅਦ੍ਰਿਸ਼ਟ ਸ਼ਕਤੀ ਦੁਆਰਾ ਇਹ ਸੰਸਾਰ ਕਾਇਮ ਰਖਿਆ ਹੋਇਆ ਵਰਨਾ ਹੁਣ ਨੂੰ ਕਦੋਂ ਦਾ ਨਸ਼ਟ ਹੋ ਮਹਾਪਰਲੋ ਰੂਪ ਧਾਰਿਆ ਹੁੰਦਾ । ਤੁਸੀਂ ਭੀ ਉਸੇ ਲੜੀ ਵਿਚ ਪਰੋਤੇ ਹੋਏ ਹੋ ਤੇ ਸਾਨੂੰ ਮਾਣ ਹੈ ਕਿ ਪਤੰਗ ਸਾਹਿਬ ਦਾ ਸਾਰਾ ਹੀ ਪਰਿਵਾਰ ਸਿੱਖ ਜਗਤ ਲਈ ਸਮਰਪਤ ਹੈ ।

*ਭਗਵੰਤ ਸਿੰਘ ਸੁਬਰੇਸ਼ਾਹੀ'*
*ਦਾਊਂ*





● ਅੰਮ੍ਰਿਤ ਕੀਰਤਨ ਦੇ ਇਸ ਵਿਸ਼ੇਸ਼ ਅੰਕ ਰਾਹੀਂ ਭਾਈ ਉਤਮ ਸਿੰਘ 'ਪਤੰਗ' ਜੀ ਸ਼੍ਰੋਮਣੀ ਰਾਗੀ ਜਿਨ੍ਹਾਂ ਨੂੰ ਅਸੀਂ ਸਤਿਕਾਰ ਨਾਲ ਭਾਪਾ ਜੀ ਆਖਦੇ ਸਾਂ; ਨੂੰ ਅਸੀਂ ਬੜੇ ਉਦਾਸ ਦਿਲ ਨਾਲ ਯਾਦ ਕਰ ਰਹੇ ਹਾਂ । ਪਤੰਗ ਸਾਹਿਬ ਦੇ ਕੀਰਤਨ ਵਿਚਲੇ ਟਿਕਾਓ, ਢੁਕਵੇਂ ਪ੍ਰਮਾਣ ਅਤੇ ਗੁਰਬਾਣ ਦੇ ਸ਼ੁਧ ਉਚਾਰਣ ਦੀ ਮੁਹਾਰਤ ਸਦਕਾ ਹੀ ਆਪ ਦੀਆਂ ਕੀਰਤਨ ਚੌਕੀਆਂ ਸਮੇਂ ਸੰਗਤਾਂ ਦੀ ਉਚੇਚੀ ਹਾਜ਼ਰੀ ਹੁੰਦੀ ਸੀ । ਆਪਨੇ ਸਮੁੱਚੀ ਜ਼ਿੰਦਗੀ ਬੜੀ ਸ਼ਰਧਾ, ਇਮਾਨਦਾਰੀ ਤੇ ਲਗਨ ਨਾਲ ਕੀਰਤਨ ਦੀ ਸੇਵਾ ਕੀਤੀ । ਉਚਾ-ਸੁੱਚਾ ਜੀਵਨ ਅਤੇ ਪ੍ਰਭਾਵਸ਼ਾਲੀ ਸ਼ਖਸੀਅਤ ਸਦਕਾ ਆਪ ਇਲਾਕੇ ਦੀਆਂ ਸੰਗਤਾਂ ਵਿਚ ਬੜੇ ਮਕਬੂਲ ਸਨ । ਅਨੇਕਾਂ ਮਾਣ-ਸਨਮਾਨ ਪ੍ਰਾਪਤ ਕਰਨ ਦੇ ਬਾਵਜੂਦ ਨਿਮਰਤਾ ਨਿਰਮਾਣਤਾ ਆਪ ਦੀ ਸ਼ਖਸੀਅਤ ਦਾ ਵਿਸ਼ੇਸ਼ ਗੁਣ ਸੀ । ਮੈਂ ਆਪਣੇ ਵਲੋਂ ਅਤੇ ਆਪਣੇ ਸਟਾਫ਼ ਵਲੋਂ ਪਤੰਗ ਸਾਹਿਬ ਦੀ ਮਿੱਠੀ ਯਾਦ ਨੂੰ ਸਿਰ ਨਿਵਾਂਦਾ ਹਾਂ ।

*ਊਧਮ ਸਿੰਘ*
*ਮੈਨੇਜਰ*
*ਗੁ: ਸ੍ਰੀ ਫਤਿਹਗੜ੍ਹ ਸਾਹਿਬ,*

● ਭਾਈ ਸਾਹਿਬ ਕੀਰਤਨੀਏ ਸਨ, ਭਾਵ ਗੁਰੂ ਜੀ ਦੇ ਢਾਡੀ, ਜਿਥੇ ਉਨ੍ਹਾਂ ਨੇ ਆਪਣੇ ਜੀਵਨ ਕਾਲ ਵਿਚ ਸੰਗਤਾਂ ਨੂੰ ਕੀਰਤਨ ਧੁਨਾਂ ਰਾਹੀਂ ਸ਼ਰਸ਼ਾਰ ਕੀਤਾ ਸਾਡੀ ਅਰਦਾਸ ਹੈ ਕਿ ਸਤਿਗੁਰੂ ਜੀ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਉਨ੍ਹਾਂ ਦੀ ਆਤਮਾ ਹਮੇਸ਼ਾ ਹਮੇਸ਼ਾ ਲਈ ਸਚਖੰਡੀ ਅਨਹਦ ਕੀਰਤਨ ਧੁਨਾਂ ਦਾ ਸੁਖ ਮਾਣਦੀ ਰਹੇ ।

*ਅੱਛਰ ਸਿੰਘ*
*ਬੰਬਈ ।*

● ਗੁਰੂ ਘਰ ਦੇ ਮਹਾਨ ਕੀਰਤਨੀਏ, ਜਿਨ੍ਹਾਂ ਸਾਰੀ ਉਮਰ ਕੀਰਤਨ ਕਰਕੇ ਜਿਥੇ ਸਮੁਚੇ ਪੰਥ ਵਾਸਤੇ ਘਾਟਾ ਹੈ ਉਥੇ ਸਾਰੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ।

*ਭਾਈ ਜਸਵੰਤ ਸਿੰਘ*
*ਹਜ਼ੂਰੀ ਰਾਗੀ*
*ਸ੍ਰੀ ਹਰਿਮੰਦਰ ਸਾਹਿਬ,*
*ਸ੍ਰੀ ਅੰਮ੍ਰਿਤਸਰ*

● ਭਾਈ ਸਾਹਿਬ ਪਤੰਗ ਸਾਹਿਬ ਦਾ ਵਿਛੋੜਾ ਬੜਾ ਦੁਖਦਾਇਕ ਹੈ ਉਹ ਆਪ ਦਾ ਗੌਰਵਮਈ ਵਿਰਸਾ ਸਨ ਅਤੇ ਅਜਿਹੀ ਵਿਰਾਸਤ ਭਾਗਾਂ ਵਾਲਿਆਂ ਨੂੰ ਹੀ ਪ੍ਰਾਪਤ ਹੈ । 1970 ਵਿਚ ਮੈਂ ਮਾਤਾ ਗੁਜਰੀ ਸਕੂਲ ਫਤਿਹਗੜ੍ਹ ਸਾਹਿਬ ਦੀ ਸੇਵਾ ਦਾ ਕੰਮ ਸੰਭਾਲਿਆ । ਉਦੋਂ ਸਕੂਲ ਗੁਰਦੁਆਰਾ ਸਾਹਿਬ ਅਤੇ ਕਾਲਜ ਦੇ ਨੇੜੇ ਹੁੰਦਾ ਸੀ । ਗਰਮੀ ਦੀ ਰੁੱਤੇ ਸਕੂਲ ਦੇ ਦਫਤਰ ਵਿਚ ਬੈਠਿਆਂ ਹੀ ਪਤੰਗ ਸਾਹਿਬ ਦਾ ਕੀਰਤਨ ਸੁਣਦੇ ਰਹੀਦਾ ਸੀ ਅਤੇ ਸ਼ਾਮ ਨੂੰ ਗੁਰਦੁਆਰਾ ਵਿਖੇ । ਤਿੰਨ ਸਾਲਾਂ ਬਾਅਦ ਮੇਰੀ ਬਦਲੀ ਮੰਡੀ ਗੋਬਿੰਦਗੜ੍ਹ ਹੋ ਗਈ ਤਾਂ ਵੀ ਮੇਰੀ ਰਿਹਾਇਸ਼ ਸਰਹੰਦ ਸ਼ਹਿਰ ਵਿਖੇ ਹੋਣ ਕਰਕੇ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਹਾਜ਼ਰੀ ਲਗ ਜਾਂਦੀ ਸੀ । ਸੋ ਪਿਛਲੇ 25 ਵਰਿਆਂ ਤੋਂ ਸਾਂਝ ਚਲਦੀਆਂ ਰਹੀ ਸੀ । ਪਤੰਗ ਸਾਹਿਬ ਦਾ ਕੀਰਤਨ ਕਰਨ ਦਾ ਅੰਦਾਜ਼ ਆਪਣਾ ਹੀ ਸੀ ਉਹਨਾਂ ਦਾ ਨਿਰੋਲ ਗੁਰਬਾਣੀ ਕੀਰਤਨ ਸਹਿਜ ਭਰਪੂਰ ਹੁੰਦਾ ਸੀ । ਜਦੋਂ ਕਦੀ ਉਚੀ ਸੁਰ ਵਿਚ ਖੁਲ ਕੇ ਕੀਰਤਨ ਕਰਦੇ ਤਾਂ ਆਵਾਜ਼ ਦੂਰ ਦੂਰ ਤਾਈਂ ਸੁਣੀ ਜਾ ਸਕਦੀ ਸੀ ।

1975 ਵਿਚ ਤਲਾਣੀਆਂ ਵਾਲੇ ਭੂਆ ਜੀ ਬੀਬੀ ਗੁਰਬਚਨ ਕੌਰ ਦੇ ਭੋਗ ਤੇ ਅੰਤਿਮ ਅਰਦਾਸ ਸਮੇਂ ਜੋ ਵੈਰਾਗਮਈ ਕੀਰਤਨ ਪਤੰਗ ਸਾਹਿਬ ਨੇ ਕੀਤਾ ਸੀ ਉਸ ਨੂੰ ਇਕ ਯਾਦਗਾਰੀ ਕੀਰਤਨ ਕਿਹਾ ਜਾ ਸਕਦਾ ਹੈ

"ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ਰਾਮ, ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ" ਵਰਗੇ ਸ਼ਬਦਾਂ ਨੇ ਕੋਈ ਅੱਖ ਭਿਜਣੋਂ ਨਾ ਰਹਿਣ ਦਿੱਤੀ । ਉਹਨਾਂ ਦੇ ਕੀਰਤਨ

ਦੀ ਆਵਾਜ਼ ਹੁਣ ਵੀ ਫਤਿਹਗੜ੍ਹ ਸਾਹਿਬ ਗੁਰਦੁਆਰੇ ਵਿਚ ਗੂੰਜਦੀ ਪ੍ਰਤੀਤ ਹੁੰਦੀ ਹੋਵੇਗੀ । ਉਹਨਾਂ ਦੇ ਚਲਾਣੇ ਨਾਲ ਜੋ ਘਾਟਾ ਕੀਰਤਨ ਜਗਤ ਨੂੰ ਪਿਆ ਹੈ ਉਹ ਸ਼ਾਇਦ ਕਦੇਂ ਵੀ ਪੂਰਾ ਨਾ ਹੋ ਸਕੇ । ਕਈ ਵਾਰੀ ਪਤੰਗ ਬਹੁਤ ਉਚੇ ਅਕਾਸ਼ਾਂ ਵਿਚ ਉਡਦੀ ਉਡਦੀ ਆਪਣੇ ਹੀ ਭਾਰ ਨਾਲ ਹਵਾ ਵਿਚ ਕਟੀ ਜਾਂਦੀ ਹੈ ਅਤੇ ਪਤਾ ਨਹੀਂ ਜਿਥੇ ਜਾ ਡਿਗਦੀ ਹੈ ਸਾਡੇ ਪਤੰਗ ਸਾਹਿਬ ਵੀ ਏਵੇਂ ਹੀ ਅਲੋਪ ਹੋ ਗਏ ਜਾਪਦੇ ਹਨ ।

"ਖ਼ੁਦਾ ਮਗ਼ਫਰਤ ਕਰੇ ਕਿ ਖ਼ੂਬ ਮਰਦ ਥਾ "

*ਪ੍ਰੀਤਮ ਸਿੰਘ ਸੋਢੀ*
*ਚੰਡੀਗੜ੍ਹ*

• ਐਸੇ ਮਹਾਂਪੁਰਖ ਸੰਸਾਰ ਵਿਚ ਕਦੀ ਕਦੀ "ਦੇਖਣਿ ਆਇਓ ਜਗਤ ਤਮਾਸ਼ਾ" ਦੇ ਮਹਾਂਵਾਕ ਅਨੁਸਾਰ ਉਸ ਦਾਤੇ ਦੀ ਬਣਾਈ "ਜਲਤੀ ਪ੍ਰਿਥਮੀ" ਤੇ ਅੰਮ੍ਰਿਤ ਵਰਖਾ ਕਰਨ ਲਈ ਆਉਂਦੇ ਹਨ ਤੇ ਤਮਾਸਾ ਵੇਖ ਆਪਣੇ ਸਥਾਨ ਤੇ ਜਾ ਕੇ ਆਪਣਾ ਪਿੜ ਮਲ ਲੈਂਦੇ ਹਨ "

*ਕੈਪਟਨ ਸ.ਸ. ਭਾਟੀਆ*
*ਸੀਨੀਅਰ ਮੈਡੀਕਲ ਅਫਸਰ*
*ਏਅਰ ਫੋਰਸ ਸਟੇਸ਼ਨ ਤੈਂਮਬਰਮ*
*ਮਦਰਾਸ*

• ਸਹੀ ਅਰਥਾਂ ਵਿਚ ਵੇਖਿਆ ਜਾਵੇ ਤਾਂ ਆਪ ਦੇ ਪਿਤਾ ਜੀ ਆਪਣੇ ਪੁਤਰਾਂ, ਡਾ. ਜਾਗੀਰ ਸਿੰਘ, ਡਾ. ਬਚਿਤਰ ਸਿੰਘ ਅਤੇ ਵੀਰ ਗੁਰਨਾਮ ਦੇ ਰੂਪ ਵਿਚ ਹਾਲੇ ਵੀ ਜਿਉਂਦੇ ਹਨ । ਕਿਉਂਕਿ ਉਹਨਾਂ ਦੀ ਜਗਾਈ ਜੋਤ ਨੂੰ ਤੁਸੀਂ ਸਾਰੇ ਬਲਦੀ ਰਖ ਰਹੇ ਹੋ । ਅਜੇਹੇ ਮਾਤਾ-ਪਿਤਾ ਅਤੇ ਉਹਨਾਂ ਦੀ ਸੰਤਾਨ ਦੋਹੇਂ ਹੀ ਧੰਨ ਹਨ ।

*ਡਾ. ਸ਼ੁਭਾਸ਼ ਪਰਿਹਾਰ*
*ਕੋਟਕਪੂਰਾ*

• ਸਾਡੇ ਮਾਨਯੋਗ ਸਿਖ ਜਗਤ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਉਤਮ ਸਿੰਘ ਜੀ ਪਤੰਗ ਸ਼੍ਰੋਮਣੀ ਰਾਗੀ ਕੀਰਤਨ ਦੀ ਅਨਿਨ ਸੇਵਾ ਨਿਭਾਉਂਦਿਆ





ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ : ਉਹਨਾਂ ਨੂੰ ਸ਼ਰਧਾਂਜ਼ਲੀ ਗੁਰੂ ਨਾਨਕ ਦੇਵ ਜੀ ਦੇ ਅਖਰਾਂ ਵਿਚ

"ਜਿਸਨੂੰ ਦਇਆਲ ਹੋਵੇ ਮੇਰਾ ਸਵਾਮੀ
ਤਿਸੁ ਗੁਰਸਿਖ ਗੁਰੂ ਉਪਦੇਸ ਸੁਣਾਵੈ
ਜਨ ਨਾਨਕ ਧੂੜਿ ਅਗੇ ਤਿਸ ਗੁਰ ਸਿਖ
ਜੋ ਆਪਿ ਜਪੈ ਅਵਰ ਨਾਮ ਜਪਾਵੈ ।"

• ਕੀਰਤਨ ਉਹਨਾਂ ਦੀ ਜਿੰਦ ਤੇ ਜਾਨ ਸੀ ਅਤੇ ਉਹ ਇਸ ਦੇ ਦੁਆਰਾ ਸੰਗਤ ਨੂੰ ਨਿਹਾਲ ਕਰਦੇ ਸਨ ।

*ਚੋਪੜਾ ਪਰਿਵਾਰ*
*ਚੰਡੀਗੜ੍ਹ*

ਅੱਜ ਭਾਪਾ ਜੀ ਦੇ ਗੁਜ਼ਰ ਜਾਣ ਦੀ ਖਬਰ ਪੜ੍ਹੀ ਤਾਂ ਆਪ ਮੁਹਾਰੇ ਅਥਰੂ ਵਹਿ ਤੁਰੇ । ਲਗਿਆ ਅੱਜ ਮੇਰੇ ਸਿਰ ਤੇ ਛਾਂ ਦਾਰ ਰੁੱਖ ਨਹੀਂ ਰਿਹਾ । ਲਗਦਾ ਹੈ ਅਜੇ ਕਲ ਅਸੀਂ ਉਹਨਾਂ ਪਾਸ ਬੈਠੇ ਗਲਾਂ ਕਰਦੇ ਸਾਂ । ਨਿਆਣਿਆਂ ਵਾਂਗੂ ਝਿੜਕਾਂ ਖਾਂਦੇ ਸਾਂ । ਪੈਸੇ ਮੰਗਦੇ ਸਾਂ ਤੇ ਉਹ ਦਰਸ਼ਨੀ ਸਰੀਰ ਦੇ ਸੁਆਮੀ ਸਾਡੇ ਪਾਸ ਮੰਜੇ ਤੇ ਚੌਕੜਾ ਮਾਰਕੇ ਬੈਠੇ ਸਿਖਿਆ ਦਿੰਦੇ ਸਨ । ਅੱਜ ਨਹੀਂ ਰਹੇ । ਇਹ ਯਕੀਨ ਹੀ ਨਹੀਂ ਆ ਰਿਹਾ । ਵੈਸੇ ਮਰਨਾ ਸੱਚ ਹੈ ਇਹ ਸੱਚ ਜਰਨਾ ਤੇ ਮੰਨਣਾ ਔਖਾ ਹੈ । ਪਿਛਲੇ ਹਫਤੇ ਹੀ ਮੇਰੇ ਮਨ ਵਿਚ ਆਇਆ ਮੈਂ ਭਾਪਾ ਜੀ ਦਾ ਰੇਖਾ ਚਿਤਰ ਲਿਖਾਂ ਤੇ ਛਾਪਾਂ । ਕਈ ਗਲਾਂ ਬਹੁਤ ਪਿਆਰੀਆਂ ਤੇ ਲਿਖਣ ਯੋਗ ਹਨ । ਫਿਰ ਡਰ ਵੀ ਲਗਾ ਕਿ ਕਿਧਰੇ ਨਰਾਜ਼ ਨਾ ਹੋ ਜਾਣ । ਫਿਰ ਸੋਚਿਆ ਲਿਖ ਕੇ ਪਹਿਲਾਂ ਪੜ੍ਹਾ ਲਵਾਂਗਾ ਤੇ ਜੇਕਰ ਪ੍ਰਵਾਨਗੀ ਦੇਣਗੇ ਤਾਂ ਛਾਪਾਂਗਾ । ਪਰ ਉਹ ਨਹੀਂ ਰਹੇ ਜਿਸ ਤੋਂ ਪ੍ਰਵਾਨਗੀ ਲੈਣੀ ਹੈ । ਹਾਂ





ਲਿਖਾਗਾਂ ਜ਼ਰੂਰ ! ਜਰਾ ਬੈਂਲਸ ਹੋ ਕੇ ਅੱਜ ਤਾਂ ਮੈਂ ਬਿਲਕੁਲ ਟੁਟ ਚੁੱਕਾ ਹਾਂ ।

*ਡਾ: ਗੁਰਮੁਖ ਸਿੰਘ*

*ਭਾਸ਼ਾ ਵਿਭਾਗ ਪੰਜਾਬ ਪਟਿਆਲਾ*

● ਪਿਤਾ ਜੀ ਦੇ ਸਵਰਗ ਸਿਧਾਰਣ ਦਾ ਸਮਾਚਾਰ ਪ੍ਰਾਪਤ ਹੋਇਆ । ਉਹਨਾਂ ਦਰਸ਼ਨ ਅਕਸਰ ਮੈਂ ਜਦੋਂ ਸਰਹੰਦ ਜਾਂਦਾ ਸੀ ਤਾਂ ਸੁਭਾਗ ਪ੍ਰਾਪਤ ਹੁੰਦਾ ਰਹਿੰਦਾ । ਅਕਸਰ ਉਹਨਾਂ ਦੇ ਚਰਨਾਂ ਵਿਚ ਬੈਠ ਕੇ ਗੁਰਮਤਿ ਕੀਰਤਨ ਦੀ ਸੋਝੀ ਪ੍ਰਾਪਤ ਕੀਤੀ ਗੁਰੂ ਘਰ ਦੇ ਕੀਰਤਨੀਏ ਜਨਮ ਮਰਨ ਤੋਂ ਰਹਿਤ ਹਨ । ਉਹ ਜਮਕਾਲ ਦੇ ਚਕਰਾਂ ਤੋਂ ਨਿਰਲੇਪ ਹਨ ਉਹਨਾਂ ਦਾ ਅਕਾਲ ਪੁਰਖ ਵਿਚ ਸਦੀਵੀ ਨਿਵਾਸ ਅਟਲ ਹੈ ।

*ਪਰਮਜੋਤ ਸਿੰਘ*

*ਕੀਰਤਨ ਅਕੈਡਮੀ*

*ਪੰਜਾਬ ਸਿੰਧ ਬੈਂਕ, ਗਰੀਨ ਪਾਰਕ,*

*ਜਲੰਧਰ !*

● ਉਨ੍ਹਾਂ ਦੀ ਘਾਟ ਮਹਿਸੂਸ ਹੋ ਰਹੀ ਹੋਵੇਗੀ, ਪ੍ਰੰਤੂ ਭਾਣਾ ਅਟੱਲ ਤੇ ਜੋਤੀ ਦਾ ਜੋਤ ਸੰਗ ਮਿਲ ਜਾਣਾ ਤੇ ਸਾਡੇ ਵਰਗੇ ਦੁਨਿਆਵੀ ਲੋਕਾਂ ਦਾ ਵੇਖਦੇ ਰਹਿ ਜਾਣਾ-ਸ਼ਾਇਦ ਇਹੋ ਮਨੁੱਖਾ ਜਵਿਨ ਹੈ ।

*ਡਾ. ਜਾਗੀਰ ਸਿੰਘ ਨੂਰ*

*ਗੁਰੂ ਨਾਨਕ ਕਾਲਜ*

*ਸੁਖਚੈਨਿਆਣਾ ਸਹਿਬ*

*ਫਗਵਾੜਾ*

● ਅਜਿਹੀ ਸਖ਼ਸੀਅਤ ਦੇ ਧਾਰਨੀ ਵਿਅਕਤੀ, ਵਿਅਕਤੀ ਹੀ ਹੀ ਨਹੀਂ ਸੰਸਥਾ ਹੁੰਦੇ ਨੇ-ਜਿਨ੍ਹਾਂ ਆਪਣੇ ਘਰ-ਪਰਿਵਾਰ ਵਾਸਤੇ ਹੀ ਸਭ ਕੁਝ ਨਹੀਂ ਕੀਤਾ ਹੁੰਦਾ, ਸਗੋਂ ਸਾਰਾ ਸਮਾਜ, ਕੌਮ ਹੀ ਉਨ੍ਹਾਂ ਨੂੰ ਆਪਣਾ ਆਪਣਾ ਲਗਦਾ ਏ, ਅਜਿਹੀ ਸੰਘਣੀ ਛਾਂ ਵਾਲੇ ਰੁੱਖ ਰੂਪੀ ਮਹਾਂਪੁਰਸ਼ ਤੋਂ ਤੁਸੀਂ ਸਭ ਪਰਿਵਾਰ ਵਿਰਵੇ ਹੋ ਗਏ ਹੋ-ਹੋਰ ਸਨੇਹੀਆਂ-ਰਿਸ਼ਤੇਦਾਰਾਂ ਨੂੰ ਰੱਬ ਦਾ ਇਹ ਰਾਜ਼ ਅਜ ਤਕ ਕੋਈ ਸਮਝ ਨਾ ਪਾਇਆ ਇਨਸਾਨ ਆਤਾ ਹੈ ਕਹਾਂ ਸੇ ਜਾਤਾ ਹੈ ਕਹਾਂ ? ਰਬ ਦੀ ਰਜ਼ਾ, ਭਾਣਾ ਮਨਣਾ, ਸਚ ਆਖਦੇ, ਬੱਚਾ ਇਹ ਵਿਛੋੜਾ ਝਲਣਾ ਪੈਂਦਾ ਹੈ । ਪਰ 'ਦੁੱਖ' ਤਾਂ ਇਸਨੂੰ ਆਦਿ ਸਤਿਗੁਰੂ ਜੀ ਵੀ ਮੰਨਦੇ ਹਨ । ਇਸ ਲਈ ਕੋਈ ਚਾਰਾ ਕਰਨ ਦੀ ਥਾਂ ਹੈ । 'ਨਮਸਕਾਰ ਮੰਨਣ ਦੀ ਸਲਾਹ ਦਿੰਦੇ ਹਨ । ਕੀਰਤਨੀਏ ਭਾਈ ਸਾਹਿਬ ਦੇ ਵਿਛੋੜੇ ਨੇ ਵਡਾ ਘਾਟਾ ਪਾਇਆ ਹੈ ਨਾ ਪੂਰਾ ਹੋਣ ਵਾਲਾ । ਕੀਰਤਨ ਜਾ ਰਿਹਾ ਹੈ, ਰਾਗ ਤੇ ਰੀਤਾਂ ਭਾਵੇਂ ਕਿੰਨੀਆਂ ਤੁਰ ਪੈਣ ਪਰ ........ ।

*ਹਰਿਜਸ ਸਿੰਘ*

*ਚੰਡੀਗੜ*

● ਸਾਡੇ ਭਾਪਾ ਜੀ ਭਾਵੇਂ ਅੱਜ ਸਾਡੇ ਵਿੱਚ ਨਹੀਂ ਪਰ ਉਹਨਾਂ ਦੇ ਕੀਰਤਨ ਦੀ ਅਵਾਜ਼ ਅਜੇ ਵੀ ਫਤਹਿਗੜ੍ਹ ਸਾਹਿਬ ਦੇ ਮੰਡਲਾਂ ਵਿਚ ਗੂੰਜ ਰਹੀ ਹੈ । ਉਹਨਾਂ ਦੀਆਂ ਸਿਖਿਆਵਾਂ ਸਦਾ ਹੀ ਸਾਡਾ ਰਾਹ ਰੋਸ਼ਨ ਕਰ ਰਹੀਆਂ ਹਨ ।

ਉਹਨਾਂ ਦੇ ਪਿਆਰ ਭਰੇ ਬੋਲਾਂ ਨੇ ਮੇਰੇ ਜੀਵਨ ਨੂੰ ਬੜਾ ਪ੍ਰਭਾਵਿਤ ਕੀਤਾ ਹੈ । ਉਹਨਾਂ ਦੀਆਂ ਪ੍ਰੇਰਨਾ ਸਦਕਾ ਅਸੀਂ ਅਨੇਕਾਂ ਕੀਰਤਨ ਦਰਬਾਰ ਕਰਵਾਏ । ਭਵਿਖ ਵਿਚ ਵੀ ਅਸੀਂ ਕੀਰਤਨ ਦਰਬਾਰ ਕਰਵਾ ਕੇ ਉਹਨਾਂ ਦੀ ਯਾਦ ਨੂੰ ਤਾਜ਼ਾ ਰੱਖਣ ਦਾ ਜਤਨ ਕਰਾਂਗੇ ।

*ਰਜਿੰਦਰ ਸਿੰਘ*

*ਪੱਤਰਕਾਰ*

● ਭਾਈ ਸਾਹਿਬ ਭਾਈ ਉਤਮ ਸਿੰਘ 'ਪਤੰਗ' ਜੀ ਨਾਲ ਮੇਰਾ ਸੰਪਰਕ ਤੀਹ ਸਾਲ ਰਿਹਾ । ਜਦੋਂ ਵੀ ਉਹਨਾਂ

ਦੇ ਦਰਸ਼ਨੀ ਨੂਰਾਨੀ ਚਿਹਰੇ ਦੇ ਦਰਸ਼ਨ ਕਰਦੇ ਸਾਂ ਤਾਂ ਸਾਡਾ ਸਿਰ ਆਪਣੇ ਆਪ ਹੀ ਉਹਨਾਂ ਦੇ ਸਤਿਕਾਰ ਵਿੱਚ ਝੁਕ ਜਾਂਦਾ ਸੀ । ਅਨੇਕਾਂ ਵਾਰ ਉਹਨਾਂ ਨੇ ਸਾਡੇ ਘਰ ਕੀਰਤਨ ਕੀਤਾ । ਉਹ ਫਤਹਿਗੜ੍ਹ ਸਾਹਿਬ ਦੇ ਸਾਰੇ ਇਲਾਕੇ ਦੀ ਸ਼ਾਨ ਸਨ । ਜਦੋਂ ਜਦੋਂ ਉਹਨਾਂ ਨੂੰ ਵੱਖ ਵੱਖ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾਂਦਾ ਮੈਨੂੰ ਜਾਪਦਾ ਸਾਡਾ ਸਾਰਿਆਂ ਦਾ ਸਿਰ ਉਚਾ ਹੋ ਰਿਹਾ ਹੈ । ਉਹਨਾਂ ਤੋਂ ਬਿਨਾਂ ਸਾਰੇ ਇਲਾਕੇ ਵਿੱਚ ਵੱਡਾ ਖਲਾਅ ਪੈ ਗਿਆ ਹੈ । ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹਨਾਂ ਦੇ ਪੂਰਨਿਆਂ ਤੇ ਚੱਲਣ ਵਾਲਾ ਕੋਈ ਹੋਰ ਕੀਰਤਨੀਆਂ ਸਾਨੂੰ ਦੇਵੇ ।

*ਕਿਰਪਾਲ ਸਿੰਘ ਲਿਬੜਾ*
*ਸਾਬਕਾ ਐਮ.ਐਲ.ਏ.*

● ਮੈਂ ਭਾਈ ਉਤਮ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ ਕਿ ਉਹਨਾਂ ਨੇ ਆਪਣੀ ਮਿਹਨਤ ਅਤੇ ਲਗਨ ਨਾਲ ਸਮਾਜ ਵਿੱਚ ਚੰਗਾ ਸਥਾਨ ਪ੍ਰਾਪਤ ਕੀਤਾ ਹੈ ਚੰਗੀਆਂ ਕਦਰਾਂ ਕੀਮਤਾਂ ਅਤੇ ਸਿਖ ਸਿਧਾਤਾਂ ਅਤੇ ਖਾਸ ਕਰਕੇ ਕੀਰਤਨ ਵਿੱਚ ਪਾਏ ਯੋਗਦਾਨ ਲਈ ਨਾਮਣਾ ਖਟਿਆ ਹੈ ਅਤੇ ਖਟ ਰਹੇ ਹਨ ।

*ਮਾਸਟਰ ਹੀਰਾ ਸਿੰਘ*
*ਸੁਰ ਸਿੰਘ, ਅੰਮ੍ਰਿਤਸਰ*

● ਭਾਈ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਵੱਡੀ ਸੇਵਾ ਕੀਤੀ । ਉਹ ਧੀਰਜ ਅਤੇ ਸ਼ਾਂਤੀ ਦੇ ਪੁੰਜ ਸਨ ਮੈਂ ਉਹਨਾਂ ਦੇ ਜੀਵਨ ਤੋਂ ਬਹੁਤ ਪ੍ਰਭਾਵਿਤ ਹਾਂ ।

*ਗੁਰਚਰਨ ਸਿੰਘ ਬੇਦੀ*
*ਚੰਡੀਗੜ੍ਹ*

● ਮਹਾਨ ਕੀਰਤਨੀਏ ਅਤੇ ਸ਼ਰੋਮਣੀ ਰਾਗੀ ਭਾਈ ਸਾਹਿਬ ਉਤਮ ਸਿੰਘ ਪਤੰਗ ਦੇ ਅਕਾਲ ਚਲਾਣੇ ਨਾਲ ਗੁਰਮਤ ਸੰਗੀਤ ਨੂੰ ਅਪੂਰਨ ਘਾਟਾ ਪਿਆ ਹੈ ।

*ਡਾ. ਦਰਸ਼ਨ ਸਿੰਘ ਨਰੂਲਾ*
*ਮੁਖੀ ਸੰਗੀਤ ਵਿਭਾਗ*
*ਡੀ.ਏ.ਵੀ. ਕਾਲਜ*
*ਮਲੋਟ*





● ਭਾਈ ਸਾਹਿਬ ਭਾਈ ਉਤਮ ਸਿੰਘ ਜੀ ਪਤੰਗ ਦਾ ਵਿਛੋੜਾ ਤੁਹਾਡੇ ਸਮੂਹ ਪਰਿਵਾਰ ਲਈ ਦੁਖਦਾਈ ਹੈ ਉਥੇ ਕੀਰਤਨ ਦੇ ਖੇਤਰ ਵਿਚ ਵੀ ਭਾਰੀ ਪੰਥਕ ਘਾਟ ਹੈ । ਪਿਤਾ ਪੁਰਖੀ ਕੀਰਤਨ ਦੀ ਅਮੁਲੀ ਦਾਤ ਨਾਲ ਜਿਵੇਂ ਤੁਸੀਂ ਗੁਰੂ ਮਿਸ਼ਨ ਦੀ ਪੂਰਤੀ 'ਚ ਸਰਗਰਮ ਹੋ ਮੇਰੀ ਅਰਜੋਈ ਹੈ ਕਿ ਵਾਹਿਗੁਰੂ ਤੁਹਾਡੀ ਸੇਵਾ ਲੇਖੇ ਲਾਵੇ ਤੇ ਪਿਤਾ ਜੀ ਦੇ ਪਦ-ਚਿੰਨ੍ਹਾਂ ਤੇ ਚਲਣ ਲਈ ਵਧੇਰੇ ਸ਼ਕਤੀ ਤੇ ਬਲ ਬਖਸ਼ੇ ।

*ਸੁਰਜੀਤ ਸਿੰਘ ਮਿਨਹਾਸ*
*ਸਾਬਕਾ ਸਪੀਕਰ*
*ਪੰਜਾਬ ਵਿਧਾਨ ਸਭਾ*

● I am greatly shocked to learn the sad demise of your revered father who had earned a great name as Guru Ka Kirtania, it appears he was an institution in himself as he has left behind legacy of kirtan in three of his brilliant sons. "Parents are always a boon and nobody wants to miss them but perhaps it is the law of nature. I pray for the departed soul. God may you stength to work on his foot steps.

*Dr. Kirpal Singh*
*Chandigarh*
*(Former Head, Punjab Historical Studies Chd.)*



# ਸਾਡੇ ਭਾਪਾ ਜੀ ਉੱਤਮ ਸਿੰਘ ਪਤੰਗ

**ਡਾ. ਗੁਰਮੁਖ ਸਿੰਘ**

ਲਗਭਗ 28 ਸਾਲ ਪਹਿਲਾਂ ਗੁਰਦੁਆਰਾ ਸ੍ਰੀ ਦੂਖ ਨਿਵਾਰਣ ਸਾਹਿਬ ਪਟਿਆਲਾ ਵਿਖੇ ਸ਼ਾਮੀ 'ਸੋਦਰੁ' ਦੀ ਚੌਂਕੀ ਸੁਣਨ ਗਿਆ ਤਾਂ ਦੇਖਿਆ ਇਕ ਪ੍ਰਸੰਨ ਬਦਨ ਦੀਦਾਰੀ ਗੁਰੂ ਕਾ ਸਿੱਖ ਧਿਆਨ ਮਗਨ ਹੋਇਆ ਗੁਰੂ ਜਸ ਗਾਇਨ ਕਰ ਰਿਹਾ ਹੈ । ਮਧੁਰ ਆਵਾਜ਼ ! ਸੁਰ ਵਿਚ ! ਲੈ ਵਿਚ ! ਦੈਵੀ ਸੰਗੀਤ ਦੁਆਰਾ ਸੱਚਖੰਡ ਦਾ ਨਜ਼ਾਰਾ ਪ੍ਰਸਤੁਤ ਕਰਨ ਵਾਲੇ ਇਹ ਦੀਦਾਰੀ ਕੀਰਤਨੀਏ ਭਾਈ ਸਾਹਿਬ ਉਤਮ ਸਿੰਘ ਪਤੰਗ ਸੀ ਜਿਹਨਾਂ ਦੇ ਦੀਦਾਰ ਪ੍ਰਾਚੀਨ ਆਦਰਸ਼ਕ ਕੀਰਤਨੀਏ ਤੇ ਸਿੱਖ ਦੇ ਦੀਦਾਰ ਸਨ । ਮਨ ਬੜਾ ਪ੍ਰਸੰਨ ਹੋਇਆ । ਕੀਰਤਨ ਦੇ ਪਰਵਾਹ ਵਿਚ ਖੂਬ ਵਹਿਣ ਦਾ ਮੌਕਾ ਮਿਲਿਆ ।

ਮਨ ਵਿਚ ਨਿੱਜੀ ਪੱਧਰ ਤੇ ਸਬੰਧ ਕਾਇਮ ਕਰਨ ਦੀ ਬੜੀ ਲਾਲਸਾ ਸੀ ਪਰ ਸੰਕੋਚ ਵਸ ਚੁੱਕਾ ਸਾਂ । ਫਿਰ ਉਹਨਾਂ ਦਾ ਹੋਣਹਾਰ ਸਪੁਤਰ ਜਾਗੀਰ ਸਿੰਘ ਮੇਰੇ ਸੰਪਰਕ ਵਿਚ ਆ ਗਿਆ । ਇਉਂ ਮੇਰਾ ਘਰ ਆਉਣਾ ਜਾਣਾ ਹੋ ਗਿਆ । ਫਿਰ ਨੇੜੇ ਹੋਰ ਤੇ ਕਈ ਵਾਰੀ ਬੱਚਿਆਂ ਵਾਂਗ ਕਈ ਗੱਲਾਂ ਪੁੱਛ ਲੈਂਦੇ ।

ਭਾਈ ਸਾਹਿਬ ਨੇ ਬੜੀਆਂ ਗੱਲਾਂ ਅਜਿਹੀਆਂ ਦੱਸੀਆਂ ਜਿਹਨਾਂ ਨੂੰ ਸੁਣ ਕੇ ਹੈਰਾਨੀ ਹੁੰਦੀ ਸੀ । ਆਪਨੇ ਦੱਸਿਆ ਕਿ ਇਕ ਵਾਰ ਮੇਰੇ ਮਨ ਵਿਚ ਐਕਟਰ ਬਣਨ ਦੀ ਇੱਛਾ ਜਾਗੀ ਤਾਂ ਮੈਂ ਜਾ ਫਿਲਮ ਕੰਪਨੀ ਵਾਲਿਆ ਪਾਸ ਦਰਖਾਸਤ ਦਿੱਤੀ । ਮੇਰਾ ਟੈਸਟ ਹੋਇਆ ਤੇ ਮੈਂ ਚੁਣਿਆ ਗਿਆ । ਚੋਣ ਕਰਨ ਵਾਲਿਆਂ ਵਿਚ ਪ੍ਰਸਿਧ ਗਾਇਕ ਕੇ.ਐਲ.ਸਹਿਗਲ ਵੀ ਸੀ ਤੇ ਉਹਨਾਂ ਨੇ ਇਹ ਲਾਈਨ ਇਸ ਲਈ ਛੱਡ ਦਿਤੀ ਕਿ ਕੇਸ ਕਤਲ ਕਰਵਾਉਣੇ ਪੈਣੇ ਸਨ । ਸਿੱਖੀ ਨਾਲ ਬੜਾ ਮੋਹ ਸੀ ।

ਇਕ ਵਾਰ ਭਾਈ ਸਾਹਿਬ ਨੇ ਦੱਸਿਆ ਕਿ ਦੇਸ਼ ਦੇ ਬਟਵਾਰੇ ਵੇਲੇ ਪਿੰਡ ਛੱਡਣ ਲੱਗਿਆ ਲੋਕਾਂ ਨੇ ਗਹਿਣੇ, ਪੈਸੇ ਤੇ ਕੀਮਤੀ ਸਮਾਨ ਨਾਲ ਲਿਆ ਪਰ ਮੈਂ ਕੇਵਲ ਹਰਮੋਨੀਅਮ ਹੀ ਸੰਭਾਲਿਆ ਤੇ ਗੱਲ ਵਿਚ ਪਾਈ ਜਿਥੇ ਵੈਰਾਗ ਵਿਚ ਮਨ ਭਰਦਾ ਕੀਰਤਨ ਕਰਦਿਆਂ ਸਫਰ ਜਾਰੀ ਰਖਿਆ ।

ਇਕ ਬੜੀ ਹੈਰਾਨੀ ਵਾਲੀ ਗੱਲ ਸੀ ਮੇਰੇ ਲਈ ਕਿ ਆਪ ਜੀ ਪਹਿਲਾਂ ਢਾਡੀ ਜਥੇ ਦੇ ਮੁਖੀ ਸਨ । ਇੰਨਾਂ ਵਧੀਆ ਜਥਾ ਸੀ ਕਿ ਇੱਕ ਸਮੇਂ ਸਾਰੇ ਪੰਜਾਬ ਵਿਚ ਪ੍ਰਸਿਧ ਸੀ । ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਮੰਤ੍ਰ-ਮੁਗਧ ਹੋਈਆਂ ਪ੍ਰਸੰਗ ਸੁਣ ਕੇ ਗੁਰੂ ਇਤਿਹਾਸ ਨਾਲ ਜੁੜਦੀਆਂ ਸਨ । ਇਕ ਸਾੜੇ ਤੇ ਈਰਖਾ ਦੇ ਮਾਰੇ ਹੋਰ ਢਾਡੀ ਨੇ ਆਪਨੂੰ ਧੋਖੇ ਨਾਲ ਸੰਧੂਰ ਪਿਆ ਦਿਤਾ ਜਿਸ ਦੇ ਸਿੱਟੇ ਵਜੋਂ ਆਪ ਦੀ ਆਵਾਜ਼ ਬਿਲਕੁਲ ਬੰਦ ਹੋ ਗਈ ਤੇ ਆਪ ਗੂੰਗਿਆਂ ਦਾ ਜੀਵਨ ਬਸਰ ਕਰਨ ਲੱਗੇ । ਆਪਣੇ ਖੂਹ ਤੇ ਕੰਮ ਕਰਨਾ ਤੇ ਅੰਤਰ ਆਤਮੇ ਪਾਠ ਭਜਨ ਕਰੀ ਜਾਣ । ਇਕ ਵਾਰ ਆਪ ਬੈਠੇ ਸਨ ਕਿ ਇਕ ਸਾਧੂ ਆਇਆ । ਉਸ ਨੇ ਪ੍ਰਸ਼ਾਦੇ ਦੀ ਸਦ ਦਿਤੀ ਤਾਂ ਆਪਨੇ ਘਰੋਂ ਰੋਟੀ ਲਿਆਕੇ ਬੜੇ ਪ੍ਰੇਮ ਬਨ ਛਕਾਈ । ਆਪਨੂੰ ਬੁਲਾਇਆ ਤਾਂ ਆਪ ਨੇ ਇਸ਼ਾਰੇ ਨਾਲ ਦੱਸਿਆ ਕਿ ਬੋਲ ਨਹੀਂ ਹੁੰਦਾ । ਉਸ ਨੇ ਘਰ ਦੇ ਕਿਸੇ ਜੀਅ ਤੋਂ ਸਾਰੀ ਵਿਥਿਆ ਸੁਣੀ ਕਿ ਆਵਾਜ਼ ਹੌਲੀ ਹੌਲੀ ਬੰਦ ਹੋ ਗਈ ਹੈ ਤਾਂ ਉਹ ਫਕੀਰ ਸਮਝ ਗਿਆ । ਉਸ ਨੇ ਕਿਹਾ "ਜੇਕਰ ਸਰਦਾਰਾ ਤੂੰ ਖੂਹ ਵਿਚ ਪੁੱਠਾ ਲਟਕ ਕੇ ਆਵਾਜ਼ ਕੱਢਣ ਲਈ ਜ਼ੋਰ ਲਗਾਵੇਂ ਤਾਂ ਮੁੜ ਕੇ ਬੋਲਣ ਜੋਗਾ ਹੋ ਜਾਵੇਗਾ । ਢਾਡੀਪੁਣਾ ਛੱਡ ਦੇਵੀਂ ਤੇ ਗੁਰੂ ਕਾ ਕੀਰਤਨ ਕਰੀਂ । " ਆਪ ਜੀ ਨੇ ਅਜਿਹਾ ਕਰਨਾ ਅਰੰਭ ਕਰ ਦਿਤਾ ਤੇ ਕੁਝ ਸਮੇਂ ਵਿਚ ਹੀ ਸੰਧੂਰ ਮੂੰਹ ਰਾਹੀਂ ਬਾਹਰ ਆਉਣ ਲੱਗ ਪਿਆ । ਆਪ ਨੌਂ ਬਰ ਨੌਂ ਹੋ ਗਏ । ਫਿਰ ਸਾਰਾ ਜੀਵਨ ਗੁਰੂ ਘਰ ਨੂੰ ਸਮਰਪਿਤ ਕਰ ਦਿਤਾ ।

ਆਪ ਹਮੇਸ਼ਾਂ ਕੀਰਤਨ ਕਰਨ ਲਈ ਸਮੇਂ ਤੋਂ ਪਹਿਲਾਂ ਮਹਾਰਾਜ ਦੀ ਹਜ਼ੂਰੀ ਵਿਚ ਬੈਠ ਕੇ ਪਾਠ ਸੁਣਿਆ ਕਰਦੇ ਸਨ । ਕੀਰਤਨ ਕਰਨ ਲੱਗਿਆ ਨਾ ਬਾਹਰ ਵੱਲ ਝਾਕਦੇ ਸਨ ਨਾ ਸੰਗਤਾਂ ਦੀਆ ਜੇਬਾਂ ਵਲ ਨਾ ਹੋਰ ਕਿਸੇ ਪਾਸੇ । ਬਸ ਕੀਰਤਨ ਕਰਦੇ ਸਨ ਬੜੇ ਹੀ ਕੁਦਰਤੀ ਅੰਦਾਜ ਵਿਚ ! ਜਿਵੇਂ ਨਦੀ ਦੀ ਕਲ ਕਲ ! ਸਾਗਰ ਦੀ

ਛਲ ਛਲ ਜਤਨ  ਰਹਿਤ ਹੁੰਦੀ ਹੈ ਅਜਿਹੀ ਕੀਰਤਨ ਵਿਧੀ ਭਾਈ ਸਾਹਿਬ ਦੀ ਸੀ । ਆਪ ਅਕਸਰ 5-7 ਮਿੰਟ ਸਮੇਂ ਤੋਂ ਵੱਧ ਕੀਰਤਨ ਕਰਦੇ । ਇਕ ਵਾਰ ਇਹਨਾਂ ਦਾ ਇਕ ਸਾਥੀ ਅੱਕ ਕੇ ਕਹਿਣ ਲਗਾ "ਭਾਈ ਸਾਹਿਬ ਸਮੇਂ ਤੇ ਭੋਗ ਪਾ ਦਿਆ ਕਰੋ" ਤਾਂ ਆਪਨੇ ਉਸ ਨੂੰ ਜੁਆਬ ਦਿਤਾ ਭਾਈ  ਜਿਹੜਾ ਫਾਲਤੂ ਸਮਾਂ ਕੀਰਤਨ ਕਰਦੇ ਹਾਂ, ਉਹ ਹੀ ਆਪਣਾ ਹੈ, ਬਾਕੀ ਸਮੇਂ  ਦੇ ਤਾਂ ਆਪਾਂ ਨੇ ਪੈਸੇ ਲਏ ਹੁੰਦੇ ਹਨ ।" ਆਪਦੇ  ਕੀਰਤਨ  ਦੀਆਂ ਵਿਸ਼ੇਸ਼ਤਾਈਆਂ ਦਾ ਹਿਸਾਬ ਕੋਈ ਕੀਰਤਨੀਆ ਹੀ ਲਗਾ ਸਕਦਾ ਹੈ ਪਰ ਇਕ ਸ੍ਰੋਤੇ ਵਜੋਂ ਮੈਨੂੰ ਜਾਪਿਆ ਕਿ ਇਹ ਗੱਲ ਆਪ ਨੂੰ  ਹੋਰ ਰਾਗੀਆਂ ਨਾਲੋਂ ਮਿਥੇ ਜਾਂਦੀਆਂ ਹਨ-ਗੁਰਬਾਣੀ ਦਾ ਸ਼ੁਧ ਉਚਾਰਣ, ਢੁਕਵੇਂ ਪ੍ਰਮਾਣ, ਸਮੇਂ ਮੁਤਾਬਿਕ ਸ਼ਬਦ ਦੀ ਚੋਣ, ਨਿਸਚਿਤ ਰਾਗ ਤੇ ਸਮੇਂ ਦਾ  ਰਾਗ,  ਸੁਰ-ਲੈਅ ਦਾ ਸੁਮੇਲ, ਧਿਆਨ ਮਗਨਤਾ, ਗੁਰਬਾਣੀ ਦਾ  ਪਾਠ ਜ਼ੁਬਾਨੀ ਤੇ ਕਿਸੇ ਪਰਚੇ ਦੀ ਸਹਾਇਤਾ ਬਿਨਾ ਕਰਨਾ । ਇਸ ਲਈ ਜਦੋਂ ਆਪ ਜੀ ਕੀਰਤਨ  ਕਰਦੇ ਸਨ ਤਾਂ ਕਲਯੁਗ ਵਿਚ ਸਤਯੁਗ ਵਰਤ  ਜਾਂਦਾ ਸੀ । ਆਪ ਦੇ ਮਿਠੇ ਸੁਭਾ, ਨਰਮ-ਬੋਲਚਾਲ, ਨਿਮਰਤਾ  ਆਦਿ ਕਾਰਨ ਆਪਨੂੰ ਸਾਰਾ ਜੀਵਨ ਸ਼੍ਰੋਮਣੀਕਮੇਟੀ ਨੇ ਆਪਣੇ ਨਾਲ ਜੋੜੀ ਰਖਿਆ ਤੇ ਆਪ ਸ਼ਰਧਾ ਨਾਲ ਜੁੜੇ ਰਹੇ ।

ਆਪ ਦਾ ਇਕ ਰੂਪ ਸੰਤ ਸਿਪਾਹੀ ਵਾਲਾ ਸੀ । ਆਪ ਉਹਨਾਂ ਗਿਣਵੇਂ ਚੁਣਵੇਂ ਰਾਗੀਆਂ ਵਿਚ ਇਕ ਸਨ ਜਿਹਨਾ ਦਾ ਜੀਵਨ ਵੀ ਗੁਰਬਾਣੀ ਅਨੁਸਾਰ ਸੀ । ਆਪ ਨਿਤ ਨੇਮੀ ਸਨ । ਭਜਨ-ਪਾਠ-ਸਿਮਰਨ ਨਾਲ ਮਨ ਲਗਾਈ ਰੱਖਦੇ ਸਨ । ਅੱਜ ਤਾਂਈ ਇਹਨਾਂ ਦੇ ਕਿਸੇ ਵੀ ਵਿਰੋਧੀ  ਨੇ  ਆਪਣੇ ਆਚਰਣ ਤੇ ਕੋਈ ਲਾਂਛਣ ਨਹੀਂ ਲਗਾਇਆ ਇਹ  ਆਪਜੀ ਦੀ ਆਚਰਣਕ ਉਚਤਾ ਦਾ ਜੀਵੰਤ ਪ੍ਰਮਾਣ ਹੈ । ਮੈਨੂੰ ਯਾਦ ਹੈ ਕਿ ਘਰ ਆਪ ਪਾਸ ਬੈਠੇ ਤਾਂ ਆਪਜੀ ਅਕਸਰ ਵੱਡੇ ਨਿਵਾਰੀ ਪਲੰਘ ਤੇ ਬੈਠਦੇ ਤੇ ਪਾਠ ਭਜਨ ਕਰਦੇ ਸਨ । ਆਪ ਪਾਸ ਜਾਗੀਰ ਸਿੰਘ ਦੀ ਮਾਸੀ ਜੀ ਆਏ । ਫਤਹਿ ਬੁਲਾਕੇ ਪਲੰਘ ਤੇ ਨਾਲ ਬੈਠ ਗਏ । ਆਪਨੇ ਉਹਨਾਂ ਨੂੰ ਤੁਰੰਤ ਝਿੜਕ ਦਿਤਾ ਤੇ ਆਖਿਆ "ਭੈਣ ਮੈਂ ਕਿਸੇ ਪਰਾਈ ਤੀਵੀਂ ਨੂੰ ਆਪਣੇ ਮੰਜੇ ਤੇ ਸਾਰੀ ਉਮਰ ਨਹੀਂ ਬੈਠਣ ਦਿਤਾ । ਚਲ ਸਾਹਮਣੇ ਕੁਰਸੀ  ਤੇ ਬੈਠ ।" ਕਮਾਲ ਹੈ ! ਆਪ ਨੂੰ ਨਮਸ਼ਕਾਰ ਹੈ । ਹੁਣ ਸਿਪਾਹੀ ਵਾਲਾ ਦੇਖੋ । ਇਹਨਾਂ ਦਾ ਇਕ ਸਾਥੀ ਸੀ । ਉਹਨੇ ਅਧੇੜ ਉਮਰ ਵਿਚ ਕਿਸੇ ਤੀਵੀਂ ਨਾਲ ਇਸ਼ਕ ਦਾ ਚੱਕਰ ਚਲਾ ਲਿਆ ਤੇ ਘਰ ਵਾਲੀ ਨੂੰ ਕਹਿਣ ਲਗਾ । ਤੂੰ ਮੇਰਾ ਖਹਿੜਾ ਛੱਡ ਨਿਆਣੇ ਲੈ ਜਾ ਮੈਂ ਤਾਂ





ਹੋਰ ਵਿਆਹ ਕਰਵਾਉਣੈ " ਉਹ ਰੋਂਦੀ ਕੁਲਾਂਦੀ ਆਪ ਪਾਸ ਫਰਿਆਦੀ ਹੋਈ ਤਾਂ ਆਪਨੇ ਆਖਿਆ ਬੀਬੀ ਘਬਰਾ ਨਾ, ਘਰੇ ਆਏ ਤਾਂ ਖਬਰ ਕਰੀਂ ।" ਜਦੋਂ ਉਹ ਘਰ ਆਇਆ ਤਾਂ ਆਪਨੇ ਸੁਨੇਹਾ ਮਿਲਦਿਆਂ ਉਹ ਨੂੰ ਜਾ ਦਬੋਚਿਆ । ਚੁੱਕ ਕੇ ਫਰਸ਼ ਤੇ ਮਾਰਿਆ । ਜੁੱਤੀ ਪਕੜ ਕੇ 100 ਕੁ ਉਹਦੇ ਠੋਕੀ ਤੇ ਬਸ ਇਸ਼ਕ ਦਾ ਭੂਤ ਸਾਰੀ ਉਮਰ ਲਈ ਨਿਕਲ ਕੇ ਭੱਜ ਗਿਆ । ਇਹ ਇਹਨਾਂ ਦਾ ਅਜਿਹਾ ਰੂਪ ਸੀ ਜਿਸ ਬਾਰੇ ਸੋਚ ਕੇ ਸਾਡੀ ਫੂਕ ਸਰਕ ਜਾਂਦੀ ਸੀ ।

ਮੈਨੂੰ ਉਹ ਬਚਿਆਂ ਵਾਂਗੂ ਪਿਆਰ ਕਰਦੇ ਸਨ । ਜਦੋਂ ਕਦੀ ਗਏ ਤਾਂ ਬਾਪ ਵਾਲਾ ਨਿੱਘ ਮਿਲਿਆ । ਉਹ ਇੰਨੇ ਮਰਿਆਦਾ ਦੇ ਪਾਬੰਦ ਸਨ ਕਿ ਕੋਈ ਅਜਿਹੀ ਗਲ ਸਹਿਨ ਨਹੀਂ ਸਨ ਕਰਦੇ ਕਿ ਬੰਦਾ ਪਾਲਣਾ ਨਾ ਕਰੇ । ਘਰ ਵਿਚ ਪੂਰਾ ਰੋਹਬ ਦਾਅਬ ਸੀ । ਤਿੰਨੇ ਬੇਟੇ ਉਹਨਾਂ ਦੀ ਤਾਬਿਆ ਰਹੇ । ਉਹਨਾਂ ਨੂੰ ਪਿਆਰ ਦੇਣਾ ਤੇ ਸਤਿਕਾਰ ਲੈਣਾ ਆਉਂਦਾ ਸੀ । ਇਕ ਵਾਰ ਮੈਂ ਆਪਣੇ ਭੈਣੋਈ ਸਾਹਿਬ ਨਾਲ ਫਤਹਿਗੜ੍ਹ ਜੋੜ ਮੇਲਾ ਦੇਖਣ ਗਿਆ । ਘਰ ਪੁੱਜੇ ਖੂਬ ਪ੍ਰਹੁਣੇ ਆਏ ਹੋਏ ਸਨ । ਪਰ ਬਲਿਹਾਰ ਜਾਈਏ ਭਾਪਾ ਜੀ ਦੇ ! ਉਹਨਾਂ ਨੇ ਆਪਣਾ ਮੰਜਾ ਬਿਸਤਰਾ ਸਾਡੇ ਪ੍ਰਹੁਣੇ ਨੂੰ ਦਿਤਾ ਤੇ ਆਪ ਭੁੰਜੇ ਸੁੱਤੇ  । ਕਹਿੰਦੇ ਜੁਆਈ ਹੈ ਇਹ ਕਿਉਂ ਭੁੰਜੇ ਸਵੇਂ ।" ਉਹਨਾਂ ਨੇ ਬੜਾ ਆਖਿਆ, ਅਸੀਂ ਵੀ ਆਖਿਆ ਪਰ ਉਹ ਨਾ ਮੰਨੇ ।

ਗੱਲਾਂ ਤਾਂ ਮੁਕਣ ਵਿਚ ਹੀ ਨਹੀਂ ਆਉਂਦੀਆਂ । ਲਗਭੱਗ 25-26 ਸਾਲ ਉਹਨਾਂ ਦੇ ਛਤਰ ਛਾਇਆਂ ਹੇਠ ਗੁਜਾਰੇ ਸਨ । ਬਾਪ ਵਰਗਾ ਆਸਰਾ ਸੀ ! ਜਿਸ ਦਿਨ ਪਤਾ ਲਗਾ ਭਾਪਾ ਜੀ ਗੁਜ਼ਰ ਗਏ ਹਨ ਤਾਂ ਬੱਚਿਆਂ ਵਾਂਗੁ ਰੋ ਲਿਆ । ਜਾਪਿਆ ਮੈਂ ਅਜਿਹਾ ਮਨੁੱਖ ਹਾਂ ਜਿਹਦੇ ਸਿਰ ਤੇ ਉਹ ਛਾਂ ਨਹੀਂ ਰਹਿ ਗਈ । ਕਦੇ ਅਨੁਮਾਨ ਲਗਾਓ ਬੰਦਾ ਧੁੱਪੇ ਕਿਵੇਂ ਲੜਦਾ ਹੈ ? ਹੁਣ ਅਜਿਹਾ ਕੋਈ ਨਹੀਂ ਹੈ ਜਿਹੜਾ ਇਹ ਆਖੇ 'ਓਇ ਬੰਦਾ ਬਣ ਨਹੀਂ ਤਾਂ ਥੱਪੜੇ ਪੈਣਗੇ !' ਬਸ ਇਹ ਅਧਿਕਾਰ ਵਾਲਾ ਮਹਾਨ ਰਾਗੀ ਪਿਤਾ ਵਰਗਾ ਨਿੱਘਾ ਸਨੇਹੀ ਮੁੜ ਨਹੀਂ ਮਿਲਣਾ ।



# ਮੇਰੇ ਭਾਪਾ ਜੀ

## ਪਰਮਜੀਤ ਕੌਰ

ਰੂਹਾਨੀ ਰਿਸ਼ਤਿਆਂ ਦੇ ਰਚੇਤੇ ਨੂੰ ਚੇਤੇ ਕਰਦਿਆਂ ਜਦੋਂ ਜਦੋਂ ਵੀ ਸਾਥੋਂ ਕੋਈ ਆਪਣਾ ਵਿਛੜਦਾ ਹੈ ਤੇ ਵਿਛੜ ਕੇ ਜੀਰਾਂਦੀ ਜਾ ਸੌਂਦਾ ਹੈ, ਅਸੀਂ ਉਸਦੇ ਵਿਛੋੜੇ ਵਿੱਚ ਤੜਪਦੇ ਸੋਗਵਾਨ ਹੁੰਦੇ ਹਾਂ । ਦਿਲ ਦੁਖ ਨਾਲ ਧੁਰ ਅੰਦਰ ਤੱਕ ਵਲੂੰਧਰਿਆ ਜਾਂਦਾ ਹੈ । ਜਿੰਨਾਂ ਕੋਈ ਜਾਣ ਵਾਲੇ ਦੇ ਨੇੜੇ ਹੁੰਦਾ ਹੈ ਉਹ ਉਸੇ ਤਰ੍ਹਾਂ ਉਸ ਨੂੰ ਯਾਦ ਕਰਦਾ ਹੈ । ਆਪਣੇ ਕਿਸੇ ਅਤਿ ਪਿਆਰੇ ਦੇ ਤੁਰ ਜਾਣ ਤੇ ਪਹਿਲਾਂ ਅਸੀਂ ਦਿਨ ਗਿਣਦੇ ਹਾਂ ਫਿਰ ਮਹੀਨੇ ਗਿਣਦੇ ਹਾਂ, ਆਖ਼ਰ ਜਦੋਂ ਵਰ੍ਹਾ ਹੋਣ ਤੇ ਆ ਜਾਂਦਾ ਹੈ ਤਾਂ ਯਾਦਾਂ ਦੇ ਕਾਫਲੇ ਰੂਹ ਦੇ ਦੁਆਲੇ ਝੁਰਮਟ ਪਾ ਸੱਥਰੀ ਆ ਬੈਠਦੇ ਨੇ !

ਇਸੇ ਤਰ੍ਹਾਂ ਸਤਿਕਾਰਯੋਗ ਤੇ ਅਤਿ ਪਿਆਰੇ ਭਾਈ ਉਤਮ ਸਿੰਘ ਜੀ ਪਤੰਗ (ਜਿਨ੍ਹਾਂ ਨੂੰ ਮੈਂ ਪਿਤਾ ਦਾ ਆਦਰ ਦੇਂਦਿਆਂ ਭਾਪਾ ਜੀ ਕਹਿੰਦੀ ਸਾਂ) ਨੂੰ ਤੁਰ ਗਿਆ ਵਰ੍ਹਾ ਹੋਣ ਤੇ ਆ ਗਿਆ ਹੈ । ਉਨ੍ਹਾਂ ਦੇ ਜਾਣ ਤੇ ਮੇਰੇ ਸੋਗਵਾਰ ਮਨ ਨੇ ਘੰਟੇ, ਦਿਨ ਤੇ ਮਹੀਨੇ ਗਿਣੇ ਨੇ ਤੇ ਹੁਣ ਜਦੋਂ ਉਨ੍ਹਾਂ ਨੂੰ ਵਿਛੜਿਆਂ ਵਰ੍ਹਾ ਹੋਣ ਲੱਗਾ ਹੈ ਤਾਂ ਯਾਦਾਂ ਦੇ ਕਾਫਲੇ ਮੇਰੇ ਦਿਲ ਦੀ ਫ਼ੂਹੜੀ ਤੇ ਆ ਬੈਠੇ ਨੇ । ਅਜਿਹੇ ਮੌਕਿਆਂ ਤੇ ਆਪੇ ਹੀ ਰੋ ਕੇ ਆਪੇ ਹੀ ਅੱਥਰੂ ਪੂੰਝਣੇਂ ਪੈਂਦੇ ਨੇ -

**ਗਮ ਦੇ ਸੱਥਰੀਂ ਬੈਠ ਕੇ ਮੈਂ ਦਿਲ ਨੂੰ ਰਹੀ ਵਰਾ,**
**ਯਾਦਾਂ ਬੰਨ੍ਹ ਬੰਨ੍ਹ ਆਈਆਂ ਕਾਫਲੇ ਇਹ ਨੂੰ ਗਈਆਂ ਰੁਆ,**
**ਅੱਜ ਭਰ ਭਰ ਛੱਲਾਂ ਡੋਲ੍ਹਦਾ ਸੋਗੀ ਦਿਲ ਦਰਿਆ,**
**ਕੌਣ ਦੇਵੇ ਮੱਤਾਂ ਏਸ ਨੂੰ ਸਾਡਾ ਰਹਿਬਰ ਰੁੱਸ ਗਿਆ !**

ਆਮ ਤੌਰ ਤੇ ਲੋਕੀਂ ਪਤੰਗ ਸਾਹਿਬ ਨੂੰ ਇੱਕ ਮਹਾਨ ਕੀਰਤਨੀਏ, ਗੁਰੂ ਘਰ ਦੇ ਪ੍ਰੇਮੀ, ਨਿਮਰਤਾ ਦੇ ਪੁੰਜ, ਮਿੱਠ ਬੋਲੜੇ, ਦਰਦਮੰਦਾਂ ਦੇ ਦਰਦੀ ਗੁ: ਫਤਹਿਗੜ੍ਹ ਸਾਹਿਬ ਦੇ ਅਤੇ ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਦੇ ਹਜ਼ੂਰੀ ਰਾਗੀ ਦੇ ਰੂਪ ਵਿੱਚ ਜਾਣਦੇ ਅਤੇ ਬਹੁਤ ਮਾਣ ਸਤਿਕਾਰ ਦੇਂਦੇ ਸਨ । ਪਿਛਲੇ ਵਰ੍ਹੇ ਵੀ ਇਹ ਚਰਚੇ ਹੋਏ ਸਨ ਹੁਣ ਵੀ ਹੋਣਗੇ ਤੇ ਪਤਾ ਨਹੀਂ ਕਦੋਂ ਤੱਕ ਹੁੰਦੇ ਰਹਿਣਗੇ ਜੋ ਕਿਸੇ ਦੇ ਭਾਗੀਂ ਹੀ ਹੁੰਦੇ ਹਨ ।

ਪਤੰਗ ਸਾਹਿਬ ਵਧੀਆ ਕੀਰਤਨੀਏ ਤੋਂ ਇਲਾਵਾ ਇੱਕ ਬਹੁਤ ਵਧੀਆ ਪ੍ਰੀਵਾਰਕ ਤੇ ਸੰਸਾਰਿਕ ਇਨਸਾਨ ਵੀ ਸਨ । ਪੜ੍ਹਿਆ ਵੀ ਹੈ ਤੇ ਸੁਣਿਆ ਵੀ ਕਿ ਕਈ ਵਾਰ ਬਾਣੀ ਪੜ੍ਹਨ ਵਾਲੇ ਹਰ ਜਸ ਗਾਇਨ ਕਰਨ ਵਾਲੇ ਪ੍ਰਭੂ ਪ੍ਰੇਮ ਭਗਤੀ ਵਿੱਚ ਲੀਨ ਦੁਨਿਆਵੀ ਰਿਸ਼ਤੇ ਨਾਤਿਆਂ ਤੋਂ ਅਟੰਕ ਹੋ ਜਾਂਦੇ ਹਨ ਪਰ ਭਾਪਾ ਜੀ ਵਿੱਚ ਅਜੇਹੀ ਕੋਈ ਗੱਲ ਨਹੀਂ ਸੀ । ਉਹ ਖ਼ੂਨ ਦੇ ਰਿਸ਼ਤਿਆਂ ਨੂੰ ਤਾਂ ਗਲ ਲਾਉਂਦੇ ਹੀ ਸਨ ਪਰ ਉਨ੍ਹਾ ਨੇ ਜੋ ਰੂਹਾਨੀ ਰਿਸ਼ਤੇ ਇਸ ਮਤਲਬੀ ਜਿਹੀ ਦੁਨੀਆਂ ਵਿੱਚ ਬਣਾਏ ਤੇ ਬਾਖ਼ੂਬੀ ਨਿਭਾਏ ਵੀ ਉਹ ਕੋਈ ਵਿਰਲਾ ਹੀ ਕਰ ਸਕਦਾ ਹੈ । ਮੇਰਾ ਆਪਣਾ ਵਾਹ ਉਨ੍ਹਾਂ ਨਾਲ ਫਤਹਿਗੜ੍ਹ ਸਾਹਿਬ ਵਿਖੇ ਹੀ 1972 ਵਿੱਚ ਪਿਆ । ਮੈਂ ਅਤੇ ਮੇਰੇ ਪਤੀ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸਾਡਾ ਇਹ ਰਿਸ਼ਤਾ ਪ੍ਰੀਵਾਰਕ ਰਿਸ਼ਤਿਆਂ ਵਿੱਚ ਰਚਮਿਚ ਗਿਆ । ਉਨ੍ਹਾਂ ਸਦਾ ਮੈਨੂੰ ਪਿਓ ਦਾ ਪਿਆਰ ਦਿੱਤਾ । ਸਾਡੇ ਬੱਚੇ ਵੀ ਉਨ੍ਹਾਂ ਦਾ ਤਹਿ ਦਿਲੋਂ ਅਦਬ ਕਰਦੇ ਰਹੇ । ਉਨ੍ਹਾਂ ਦੇ ਮੋਹ ਪਿਆਰ ਅੱਗੇ ਮੈਨੂੰ ਖ਼ੂਨ ਦੇ ਰਿਸ਼ਤੇ ਵੀ ਕਈ ਵਾਰ ਫਿੱਕੇ ਜਾਪਦੇ ਰਹੇ । ਉਹਨਾਂ ਦੀ ਸੁਪਤਨੀ ਬੀਬੀ ਚਰਨ ਕੌਰ ਵੀ ਇਨ੍ਹਾਂ ਰਿਸ਼ਤਿਆਂ ਨੂੰ ਦਿਲੋਂ ਨਿਭਾਉਂਦੇ ਰਹੇ ਉਹ ਵੀ ਉਨ੍ਹਾਂ ਵਾਂਗ ਹੀ ਖੁਲ੍ਹ ਦਿਲੇ ਤੇ ਦਰਦਮੰਦਾਂ ਦੇ ਦਰਦੀ ਹਨ । ਬੀ ਜੀ ਵੀ ਉਹਨਾਂ ਦੇ ਤੁਰ ਜਾਣ ਤੇ ਵੀ ਉਨ੍ਹਾਂ ਤਮਾਮ ਰੂਹਾਨੀ ਰਿਸ਼ਤਿਆਂ ਦੀਆਂ

ਤੰਦਾਂ ਨੂੰ ਰੂਹ ਨਾਲ ਲਪੇਟੀ ਬੈਠੇ ਹਨ । ਜਿਹੜੀਆਂ ਪਤੰਗ ਸਾਹਿਬ ਨੇ ਤਾ ਉਮਰ ਲਪੇਟੀ ਰੱਖਿਆ । ਕਿਸੇ ਵੀ ਘਰੇਲੂ ਜਾਂ ਸਮਾਜਿਕ ਉਲਝਣ ਦੇ ਹੱਲ ਲਈ ਸਾਨੂੰ ਸਦਾ ਠੀਕ ਸੁਝਾਅ ਦੇਂਦੇ । ਕਈ ਵਾਰ ਵੱਡੀ ਤੋਂ ਵੱਡੀ ਔਕੜ ਸਮੇਂ ਵੀ ਕਹਿ ਦੇਂਦੇ 'ਬਾਬਿਆਂ ਅੱਗੇ ਅਰਦਾਸ ਕਰੋ ਵਾਹਿਗੁਰੂ ਭਲੀ ਕਰੇਗਾ' ਮੈਂ ਧੀ ਵਾਲੇ ਮਾਣ ਨਾਲ ਰੰਜਿਸ਼ ਕਰਨੀ ਕਹਿਣਾ 'ਭਾਪਾ ਜੀ ਤੁਸੀਂ ਤਾਂ ਹਰ ਗੱਲ ਵਾਹਿਗੁਰੂ ਭਲੀ ਕਰੇਗਾ ਕਹਿ ਕੇ ਮੁਕਾ ਦੇਂਦੇ ਓ' ਉਨ੍ਹਾਂ ਹੱਸ ਕੇ ਕਹਿਣਾ "ਬੇਟਾ ਸਭ ਕੁਛ ਇਸੇ ਵਿੱਚ ਹੈ" ਤੇ ਮੈਂ ਆਪਣੀ ਜਿੰਦਗੀ ਦੀਆਂ ਬਹੁਤ ਸਾਰੀਆਂ ਔਕੜਾਂ ਭਾਪਾ ਜੀ ਦੀ ਰਾਹਨੁਮਾਈ ਨਾਲ ਹੀ ਹੱਲ ਕੀਤੀਆਂ । ਉਹਨਾਂ ਮੈਨੂੰ ਬਾਣੀ ਪੜ੍ਹਨ ਸੁਣਨ, ਗੁਰੂ ਘਰ ਜਾਣ, ਗੁਰਧਾਮਾਂ ਦੀ ਯਾਤਰਾ ਦੀ ਚੇਟਕ ਵੀ ਲਾਈ । ਮੇਰੀਆਂ ਨਾਦਾਨ ਜਿਹੀਆਂ ਆਦਤਾਂ ਤੇ ਨਾਸਤਕ ਜਿਹੇ ਸੁਭਾਅ ਨੂੰ ਜਾਨਣ ਵਾਲੇ ਬਹੁਤ ਸਾਰੇ ਸੱਜਣ ਮਿੱਤਰ ਸਖੀਆਂ ਸਹੇਲੀਆਂ ਮੈਨੂੰ ਪੁੱਛਦੀਆਂ 'ਤੂੰ ਇਸ ਰਾਹ ਕਿਵੇਂ ਪਈ' ਤਾਂ ਮੈਂ ਮਾਣ ਨਾਲ ਕਹਿੰਦੀ ਹਾਂ ਕਿ ਪਤੰਗ ਭਾਪਾ ਜੀ ਨੇ ਮੇਰਾ ਜੀਵਨ ਢੰਗ ਬਦਲਿਆ ਹੈ । ਉਹ ਮੇਰੀ ਨਾਦਾਨੀ ਹੱਸ ਕੇ ਖਿਮਾ ਵੀ ਕਰਦੇ ਰਹੇ ।

ਉਹਨਾਂ ਨਾਲ ਜੁੜੀਆਂ ਆਪਣੀਆਂ ਸਾਦਾਂ ਤੋਂ ਬਿਨਾਂ ਕੁਛ ਹੋਰ ਵੀ ਬਹੁਤ ਜ਼ਰੂਰੀ ਗੱਲਾਂ ਚੇਤਿਆਂ ਵਿੱਚ ਅਟਕੀਆਂ ਹੋਈਆਂ ਨੇ । ਦੇਸ਼ ਦੀ ਵੰਡ ਤੋਂ ਪਹਿਲਾਂ ਪਤੰਗ ਸਾਹਿਬ ਰੱਜੇ ਪੁੱਜੇ ਘਰ ਦੇ ਵੱਡੇ ਪੁੱਤਰ ਸਨ 1947 ਵਿੱਚ ਉਹ ਘਰੋਂ ਬੇਘਰ ਹੋ ਪਾਕਿਸਤਾਨੋਂ ਏਧਰ ਆਏ । ਬਹੁਤ ਸੰਤੋਖ ਨਾਲ ਵਕਤ ਟਪਾਉਂਦੇ ਰਹੇ । ਆਪਣੇ ਪਰੀਵਾਰ ਤੋਂ ਇਲਾਵਾ ਛੋਟੇ ਭੈਣ ਭਰਾਵਾਂ ਨੂੰ ਵੀ ਸਾਂਭਿਆ । ਅਕਾਲ ਪੁਰਖ ਨੇ ਕ੍ਰਿਪਾ ਕੀਤੀ ਦਿਨ ਫਿਰੇ, ਗੁਰੂ ਘਰ ਕੀਰਤਨ ਕਰਨ ਦਾ ਮਾਣ ਮਿਲਿਆ । ਉਸ ਤੋਂ ਪਿੱਛੋਂ ਪਤੰਗ ਸਾਹਿਬ ਨੇ ਪਿੱਛੇ ਪਰਤ ਨਾ ਵੇਖਿਆ ਜੀਵਨ ਵਿੱਚ ਸਫਲਤਾਵਾਂ ਉਨ੍ਹਾਂ ਦੇ ਪੈਰ ਚੁੰਮਦੀਆਂ ਰਹੀਆਂ । ਉਨ੍ਹਾਂ ਆਪਣੇ ਤਿੰਨੇ ਪੁੱਤਰਾਂ ਨੂੰ ਰੱਬੀ ਬਾਣੀ ਦਾ ਕੀਰਤਨ ਵੀ ਸਿਖਾਇਆ ਤੇ ਸਕੂਲਾਂ, ਕਾਲਜਾਂ ਵਿੱਚ ਵਿਦਿਆ ਵੀ ਦਵਾਈ । ਉਨ੍ਹਾਂ ਦੇ ਪੁੱਤਰ ਉਨ੍ਹਾਂ ਨਾਲ ਸਵੇਰੇ ਸ਼ਾਮ ਗੁਰੂ ਦੀ ਹਜ਼ੂਰੀ ਵਿੱਚ ਹਰਿ ਜਸ ਗਾਇਨ ਕਰਦੇ ਤੇ ਉਧਰ ਸਕੂਲਾਂ ਕਾਲਜਾਂ ਦੀ





ਪੜ੍ਹਾਈ ਵਿੱਚ ਹਰ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦੇ । ਅੱਜ ਉਨ੍ਹਾਂ ਦੇ ਤਿੰਨੇ ਪੁੱਤਰ ਡਾ. ਜਾਗੀਰ ਸਿੰਘ, ਡਾ. ਬਚਿੱਤਰ ਸਿੰਘ, ਡਾ. ਗੁਰਨਾਮ ਸਿੰਘ ਕਿਸੇ ਪਹਿਚਾਣ ਦੇ ਮੁਹਤਾਜ ਨਹੀਂ ਹਨ । ਕੀਰਤਨ ਦੀ ਦਾਤ ਉਨ੍ਹਾਂ ਨੂੰ ਵਿਰਾਸਤ ਵਿੱਚ ਤਾਂ ਮਿਲੀ ਹੀ ਸੀ ਪਰ ਉਹਨਾਂ ਆਪਣੀ ਮਿਹਨਤ ਤੇ ਲਗਨ ਨਾਲ ਸਫਲਤਾ ਦੀਆਂ ਟੀਸੀਆਂ ਨੂੰ ਛੋਹਿਆ । ਮੈਨੂੰ ਇਹ ਕਹਿੰਦਿਆਂ ਕੋਈ ਝਿਜਕ ਨਹੀਂ ਕਿ ਪਤੰਗ ਸਾਹਿਬ ਦੇ ਵੱਡੇ ਪੁੱਤਰ ਡਾ. ਜਾਗੀਰ ਸਿੰਘ ਤਾਂ ਹਰਿ ਜਸ ਗਾਇਨ ਕਰਨ ਵਿੱਚ ਆਪਣਾ ਵਿਸ਼ੇਸ਼ ਮੁਕਾਮ ਰੱਖਦੇ ਹਨ । ਉਨ੍ਹਾਂ ਆਪਣੇ ਪੁੱਤਰਾਂ ਤੋਂ ਇਲਾਵਾ ਹੋਰ ਲੋੜਵੰਦਾਂ ਤੇ ਲਗਨ ਵਾਲਿਆਂ ਨੂੰ ਵੀ ਸੰਗੀਤ ਵਿਦਿਆ ਦਿੱਤੀ ਕੀਰਤਨ ਸਿਖਾਇਆ, ਉਹਨਾਂ ਦੇ ਕਈ ਸ਼ਗਿਰਦ ਅੱਜ ਚੰਗੇ ਕੀਰਤਨੀਏ ਹਨ । ਉਹ ਆਪਣੇ ਸ਼ਗਿਰਦਾਂ ਨੂੰ ਅਪਣੇ ਬੱਚਿਆਂ ਵਾਂਗ ਪਿਆਰਦੇ ਤੇ ਦੁਲਾਰਦੇ ਸਨ । ਉਹ ਉਨ੍ਹਾਂ ਤੋਂ ਸੰਗੀਤ ਵਿਦਿਆ ਸਿਖਾਉਣ ਬਦਲੇ ਕਈ ਭੇਟਾ ਨਹੀਂ ਸਨ ਲੈਂਦੇ ਸਗੋਂ ਵੇਲੇ ਕੁਵੇਲੇ ਉਨ੍ਹਾਂ ਦੀ ਮਾਇਕ ਮਦਦ ਕਰਦੇ । ਇਹ ਗੁਣ ਉਨ੍ਹਾਂ ਦੇ ਪੁੱਤਰਾਂ ਵਿੱਚ ਵੀ ਹੈ । ਇਹ ਗੱਲਾਂ ਅੱਜ ਦੇ ਯੁੱਗ ਵਿੱਚ ਅਲੋਕਾਰ ਹੀ ਹਨ । ਪਤੰਗ ਸਾਹਿਬ ਤਾਂ ਕੋਈ ਸਤਜੁਗੀ ਪੁਰਸ਼ ਸਨ ।

ਅਖੀਰ 'ਚ ਮੈਂ ਗੱਲ ਕਰਨੀ ਚਾਹਾਂਗੀ ਉਨ੍ਹਾਂ ਦੇ ਅੰਤਮ ਦਰਸ਼ਨਾਂ ਦੇ ਸੋਗਵਾਰ ਤੇ ਦਰਦ ਭਰੇ ਸਮੇਂ ਦੀ । ਜੋ ਇਕੱਠ ਉਸ ਸਮੇਂ ਹੋਇਆ ਉਹ ਪਤੰਗ ਸਾਹਿਬ ਦੀਆਂ ਚੰਗਿਆਂਈਆਂ ਤੇ ਰੁਹਾਨੀ ਰਿਸ਼ਤਿਆਂ ਦੀ ਮੂੰਹ ਬੋਲਦੀ ਤਸਵੀਰ ਸੀ । ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਤਾਂ ਮੈਨੂੰ ਜਾਣਕਾਰੀ ਹੈ ਪਰ ਜਿੰਨ੍ਹੇ ਸੱਜਣ ਉਥੇ ਆਏ ਇਉਂ ਜਾਪਦਾ ਸੀ ਉਹ ਉਨ੍ਹਾਂ ਦੇ ਬਹੁਤ ਹੀ ਨਜ਼ਦੀਕੀ ਤੇ ਪਿਆਰੇ





ਰਿਸ਼ਤੇਦਾਰ ਹਨ । ਜਿੰਨੇ ਲੋਕੀਂ ਉਥੇ ਬੈਠੇ ਸਨ ਬਹੁਤ ਹੀ ਦੁਖ ਤੇ ਸੋਗ ਵਿੱਚ ਡੁੱਬੇ ਹੋਏ ਸਨ ਇਨ੍ਹਾਂ ਤਮਾਮ ਸੱਜਣਾਂ ਨਾਲ ਪਤੰਗ ਸਾਹਿਬ ਦਾ ਖੂਨ ਦਾ ਨਹੀਂ ਬਲਕਿ ਰੂਹ ਦਾ ਰਿਸ਼ਤਾ ਸੀ । ਸਿੱਖੀ ਸਿਧਾਤਾਂ ਅਨੁਸਾਰ ਜੋ ਭਾਪਾ ਜੀ ਵੀ ਸਾਰੀ ਉਮਰ ਸਾਨੂੰ ਸਿਖਾਉਂਦੇ ਰਹੇ ਰੋਣਾਂ ਵਿਰਲਾਪ ਕਰਨਾ ਮਨ੍ਹਾਂ ਸੀ ਪਰ ਲੋਕੀਂ ਇੱਕ ਦੂਜੇ ਤੋਂ ਛੁਪਾ ਛੁਪਾ ਅੱਥਰੂ ਪੂੰਝਦੇ ਸਨ । ਪਤੰਗ ਸਾਹਿਬ ਦੀ ਸੁਪਤਨੀ ਐਡੇ ਸਦਮੇ ਨੂੰ ਸਬਰ ਨਾਲ ਜਰ ਕੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਲਈ ਕਹਿ ਰਹੇ ਸਨ । ਭਾਪਾ ਜੀ ਦੇ ਪਿਤਾ ਜੀ ਬਹੁਤ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ । ਉਨ੍ਹਾਂ ਆਪਣੇ ਭੈਣ ਭਰਾਵਾਂ ਨੂੰ ਪਿਓ ਦੀ ਘਾਟ ਕਦੇ ਮਹਿਸੂਸ ਨਹੀਂ ਸੀ ਹੋਣ ਦਿੱਤੀ । ਭਰਾ ਦਾ ਅਚਾਨਕ ਤੁਰ ਜਾਣਾ ਸੁਣ ਕੇ ਉਨ੍ਹਾਂ ਦੀ ਭੈਣ ਦੁਹਾਈਆਂ ਦੇਂਦੀ ਆ ਰਹੀ ਸੀ ਫੜਦਿਆਂ ਫੜਦਿਆਂ ਵੀ ਉਹ ਪਤੰਗ ਸਾਹਿਬ ਦੀ ਛਾਤੀ ਤੇ ਜਾ ਡਿੱਗੀ । "ਅੱਜ ਮੇਰਾ ਭਰਾ ਹੀ ਨਹੀਂ ਮੇਰਾ ਪਿਓ ਵੀ ਮੋਇਆ ਹੈ ਉਠ ਵੇ ਮੇਰਿਆ ਰਾਜਿਆ ਬਾਬਲਾ ਧੀ ਨੂੰ ਗਲ ਨਾਲ ਲਾ" ਤੇਰੀ ਭੈਣ ਤੇਰਾ ਪਿਆਰ ਕਿਥੋਂ ਲਵੇਗੀ ਵੇ ਮੇਰਿਆ ਸਾਧੂ ਸੰਤਾ ਵੀਰਾ" ਤਾਂ ਪੱਥਰ ਦੇ ਜਿਗਰ ਵੀ ਪਿਘਲ ਗਏ, ਪਾਠ ਕਰਦਿਆਂ ਨੂੰ ਪਾਠ ਭੁੱਲ ਗਿਆ । ਜਬਰੀ ਰੋ ਕੇ ਅੱਥਰੂ ਛਮ ਛਮ ਵਹਿ ਪਏ ਗਲੀਆਂ ਦੇ ਕੱਖ ਵੀ ਮਾਨੋ ਰੋ ਰਹੇ ਸਨ । ਕਹਿਣ ਤਾਂ ਮੈਂ ਲੱਗੀ ਸਾਂ ਕਿ ਉਹ ਤਾਂ ਖੂਨ ਦਾ ਭੈਣ ਭਰਾ ਦਾ ਡੂੰਘਾ ਰਿਸ਼ਤਾ ਸੀ ਪਰ ਭਾਪਾ ਜੀ ਨੂੰ ਤਾਂ ਸਭ ਹੀ ਆਪਣਾ ਸਮਝਦੇ ਸਨ ।

ਪਤੰਗ ਸਾਹਿਬ ਨੂੰ ਰੱਬੋਂ ਪੁੱਤਰੀ ਦੀ ਦਾਤ ਨਹੀਂ ਸੀ ਮਿਲੀ ਪਰ ਤਿੰਨ ਨੂੰਹਾਂ ਧੀਆਂ ਵਰਗੀਆਂ ਪ੍ਰਮਾਤਮਾਂ ਨੇ ਉਨ੍ਹਾਂ ਨੂੰ ਦਿੱਤੀਆਂ ਜੋ ਆਪਣੇ ਜਨਮ ਦਾਤਾ ਪਿਤਾ ਨਾਲੋਂ ਵੱਧ ਉਨ੍ਹਾਂ ਦਾ ਆਦਰ ਕਰਦੀਆਂ ਸਨ ਤੇ ਅੱਜ ਵੀ ਭਾਪਾ ਜੀ ਦੀ ਗੱਲ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਭਰ ਭਰ ਆਉਂਦੀਆਂ ਨੇ । ਭਾਪਾ ਜੀ ਵੀ ਉਨ੍ਹਾਂ ਨੂੰ ਧੀਆਂ ਵਾਂਗ ਪਿਆਰਦੇ ਸਨ । ਇਹ ਵੱਖਰੀ ਗੱਲ ਹੈ ਰੱਬੋਂ ਉਨ੍ਹਾਂ ਨੂੰ ਧੀ ਨਹੀਂ ਮਿਲੀ ਸੀ ਪਰ ਅਜੇਹੀਆਂ ਰੂਹਾਂ ਨੂੰ ਘਾਟਾ ਕਾਹਦਾ । ਉਹਨਾਂ ਦੀਆਂ ਤਾਂ ਸੈਂਕੜੇ ਧੀਆਂ ਸਨ ਜਿਨ੍ਹਾਂ ਨੂੰ ਉਹ ਲੋਹੜੀਆਂ ਵੰਡ ਆਉਂਦੇ ਸਨ ਦੀਵਾਲੀਆਂ ਦੇ ਛੱਡਦੇ ਸਨ ਉਹ ਧੀਆਂ ਉਸ ਦਿਨ ਮੈਂ ਆਪਸ ਵਿੱਚ ਵੀ ਤੇ ਰੁੱਖਾਂ ਦੇ ਗਲ ਲੱਗ ਲੱਗ ਰੋਂਦੀਆਂ ਵੀ ਮੈਂ ਦੇਖੀਆਂ ਜੋ ਕਹਿ ਰਹੀਆਂ ਸਨ "ਭਾਪਾ ਜੀ ਸਾਡੇ ਦੁਖੜੇ ਕੌਣ ਸੁਣੇਗਾ ਧੀਆਂ ਕਿਉਂ ਵਿਸਰੀਆਂ ।" ਉਹਨਾਂ ਤੋਂ ਇਲਾਵਾ ਪਤੰਗ ਸਾਹਿਬ ਦੀਆਂ ਸੈਂਕੜੇ ਨੂੰਹਾਂ ਸਨ ਜੋ ਮੈਂ ਰੋਂਦੀਆਂ ਦੇਖੀਆਂ ਕਹਿੰਦੀਆਂ ਸੁਣੀਆਂ "ਭਾਪਾ ਜੀ ਪੋਤਰੇ ਪੋਤਰੀਆਂ ਰੋਂਦੇ ਨਾ ਛੱਡ ਜਾਇਓ ਉਨ੍ਹਾਂ ਦੇ ਵਿਆਹ ਵੇਖ ਕੇ ਕਰਕੇ ਜਾਇਓ ਜੇ" ਕਿੰਨੀਆਂ ਹੀ ਬੀਬੀਆਂ ਦੇ "ਪਤੰਗ ਭਰਾ ਜੀ ਖੌਰੇ ਕਿਹੜੀ ਗੱਲੋਂ ਰੁੱਸ ਕੇ ਤੁਰ ਚੱਲੇ ਸਨ" ਉਨ੍ਹਾਂ ਦੀਆਂ ਭਰ ਭਰ ਡੁੱਲ੍ਹਦੀਆਂ ਅੱਖਾਂ ਉਸ ਰੁਹਾਨੀ ਰਿਸ਼ਤਿਆਂ ਦੇ ਰਚੇਤੇ ਦੀ ਮਹਾਨਤਾ ਦੀ ਕਹਾਣੀ ਹੀ ਤਾਂ ਕਹਿ ਕਹਿ ਆਪਣਾ ਆਪ ਕੋਹ ਰਹੀਆਂ ਸਨ । ਬਹੁਤ ਬੀਬੇ ਬੰਦਿਆਂ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੀਆਂ ਰੂਹਾਂ ਨੂੰ ਮੈਂ ਪਤੰਗ ਸਾਹਿਬ ਦੀ ਵਿਦਾਇਗੀ ਸਮੇਂ ਰੋਂਦਿਆਂ ਵੇਖਿਆ । ਅਜੇਹੇ ਰੁਹਾਨੀ ਰਿਸ਼ਤੇ ਬਣਾਉਣੇ ਤੇ ਅੰਤ ਤੱਕ ਨਿਭਾ ਵੀ ਜਾਣੇ ਕੋਈ ਛੋਟੀ ਮੋਟੀ ਗਲ ਨਹੀਂ ।

ਉਹ ਆਪ ਮਮਤਾ ਦਾ ਭਰਿਆ ਪੂਰਾ ਸਾਗਰ ਸਨ ਮੈਨੂੰ ਖੁਸ਼ੀ ਹੈ ਉਹ ਆਪਣੇ ਗੁਣਾਂ ਦੀ ਮਹਿਕ ਆਪਣੇ ਪਰੀਵਾਰ ਵਿੱਚ ਵੀ ਖਿਲਾਰ ਗਏ ਹਨ । ਉਹਨਾਂ ਦੇ ਨੂੰਹਾਂ ਪੁੱਤਰ ਵੀ ਮੋਹ ਭਰੇ ਨਦੀਆਂ ਨਾਲੇ ਹਨ । ਉਹਨਾਂ ਦੀ ਸੁਪਤਨੀ ਤਾਂ ਉਨ੍ਹਾਂ ਦਾ ਹੀ ਸਰੂਪ ਹੈ । ਦੁਆ ਕਰਦੀ ਹਾਂ ਉਨ੍ਹਾਂ ਨਦੀਆਂ ਨਾਲਿਆਂ ਵੱਲੋਂ ਸਾਨੂੰ ਸਦਾ ਚੰਗੀ ਸਨੇਹ ਭਰੀ ਮਹਿਕ ਆਵੇ ਤੇ ਪਤੰਗ ਸਾਹਿਬ ਦਾ ਮਾਣ ਅਦਬ ਸਦਾ ਇਉਂ ਹੀ ਮਨਾਂ ਵਿੱਚ ਬਣਿਆਂ ਰਹੇ ਜਿਵੇਂ ਉਹ ਕਿਤੇ ਗਏ ਹੀ ਨਹੀਂ ਹਨ । ਉਸ ਰੁਹਾਨੀ ਰਿਸ਼ਤਿਆਂ ਦੇ ਰਚੇਤੇ ਦੀ ਯਾਦ ਵਿੱਚ ਸਿਰ ਅਦਬ ਨਾਲ ਝੁਕਦਾ ਹੈ !

# ਗੁਰ ਕੀਰਤਨ ਪ੍ਰੰਪਰਾ ਨੂੰ ਸਮਰਪਿਤ ਭਾਈ ਉਤਮ ਸਿੰਘ ਰਾਗੀ



**ਰਣਜੀਤ ਰਾਹੀ**

ਕੀਰਤਨ ਪ੍ਰੰਪਰਾ ਨੂੰ ਪੂਰੀ ਤਰ੍ਹਾਂ ਸਮਰਪਿਤ ਭਾਈ ਉਤਮ ਸਿੰਘ ਅਜਿਹੇ ਕੀਰਤਨੀਆਂ ਵਿਚੋਂ ਹਨ ਜਿਹਨਾਂ ਨੇ ਪ੍ਰੰਪਰਾਗਤ ਟਕਸਾਲੀ ਕੀਰਤਨ ਮਰਿਆਦਾ ਨੂੰ ਆਪਣਾ ਜੀਵਨ ਲਕਸ਼ ਬਣਾਇਆ ਹੋਇਆ ਹੈ । ਸ਼ੁਧ, ਸਪਸ਼ਟ ਤੇ ਰਾਗਮਈ ਕੰਠੀ ਪ੍ਰਵਾਹ ਆਪਦੇ ਗਾਇਨ ਦੀ ਵਿਸ਼ੇਸ਼ਤਾ ਹੈ । ਇਸ ਵਾਰ ਭਾਸ਼ਾ ਵਿਭਾਗ ਵਲੋਂ ਉਹਨਾਂ ਨੂੰ ਸ਼੍ਰੋਮਣੀ ਰਾਗੀ ਵਜੋਂ ਪੁਰਸਕਾਰ ਦੇਣਾ ਇਕ ਤਰ੍ਹਾਂ ਨਾਲ ਸੁਯੋਗ ਚੋਣ ਕਹੀ ਜਾ ਸਕਦੀ ਹੈ ।

ਭਾਈ ਉਤਮ ਸਿੰਘ ਇਸ ਤੋਂ ਪਹਿਲਾਂ ਹਜ਼ੂਰੀ ਰਾਗੀ, ਬਜ਼ੁਰਗ ਕੀਰਨਤਨੀਏ, ਭਾਈ ਹੀਰਾ ਸਿੰਘ ਐਵਾਰਡ ਵਰਗੀਆਂ ਉਪਾਧੀਆਂ ਨਾਲ ਸਨਮਾਨਿਤ ਹੋ ਚੁਕੇ ਹਨ । ਉਹਨਾਂ ਨੇ ਸਮੇਂ-ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਦੁਖ ਨਿਵਾਰਣ ਸਾਹਿਬ ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਗੁਰ ਅਸਥਾਨਾਂ 'ਤੇ ਸੇਵਾ ਨਿਭਾਈ ।

ਭਾਈ ਸਾਹਿਬ ਦਾ ਜਨਮ 10 ਜੁਲਾਈ 1928 ਨੂੰ ਗੁਰਮੁਖ ਸਿੰਘ ਦੇ ਘਰ ਪਿੰਡ ਗੋਬਿੰਦਪੁਰਾ, 26 ਚੱਕ, ਤਹਿਸੀਲ ਫਾਲੀਆ, ਜ਼ਿਲਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ । ਕੀਰਤਨ ਤੇ ਸੰਗੀਤ ਦੀ ਸਿਖਿਆ ਆਪ ਨੂੰ ਵਿਰਸੇ 'ਚੋਂ ਮਿਲੀ । ਇਸ ਤੋਂ ਬਿਨਾਂ ਆਪ ਨੇ ਸੰਤ ਨਿਹਚਲ ਸਿੰਘ ਸੰਗੀਤ ਵਿਦਿਆਲਾ ਮੰਡੀ ਬਹਾਵਲਦੀਨ, ਭਾਈ ਭੋਲਾ ਸਿੰਘ ਗੋਬਿੰਦਪੁਰੀ ਤੇ ਉਸਤਾਦ ਪਿਆਰੇ ਖਾਂ ਗੁਜਰਾਤੀ ਤੋਂ ਵੀ ਸੰਗੀਤ ਦੀ ਸਿਖਿਆ ਪਰਾਪਤ ਕੀਤੀ । 1950 ਤੋਂ ਆਪ ਨਿਰੰਤਰ ਕੀਰਤਨ ਸੇਵਾ ਵਿਚ ਰੁਝ ਗਏ ।

ਆਲ ਇੰਡੀਆ ਰੇਡੀਓ, ਦੂਰਦਰਸ਼ਨ ਤੇ ਕਈ ਸੰਗਤਿ ਖੋਜੀਆਂ ਨੇ ਆਪ ਦੀ ਆਵਾਜ਼ ਨੂੰ ਕੈਸਿਟਾਂ ਵਿਚ ਸਾਂਭਿਆ ਹੈ । ਆਪ ਦੇ ਕੈਸਿਟ ਤੇ ਪੁਰਾਣੇ ਸਪੂਲ ਸੰਗੀਤ ਪ੍ਰੇਮੀਆਂ ਵਿਚ ਬੇਹੱਦ ਮਕਬੂਲ ਹਨ ।

ਆਪ ਸਮੇਂ-ਸਮੇਂ ਭਾਰਤ, ਪਾਕਿਸਤਾਨ ਤੇ ਹੋਰ ਦੇਸਾਂ ਦੇ ਉਚ-ਪਧਰੀ ਕੀਰਤਨ ਦਰਬਾਰਾਂ/ਸੰਮੇਲਨਾਂ 'ਚ ਸ਼ਾਮਲ ਹੁੰਦੇ ਰਹੇ ਹਨ ।

ਇਥੇ ਜ਼ਿਕਰਯੋਗ ਹੈ ਕਿ ਭਾਈ ਸਾਹਿਬ ਦੇ ਬਜ਼ੁਰਗ ਰਾਜਸਥਾਨ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚ ਭਰਤੀ ਹੋ ਗਏ ਸਨ । ਬਾਅਦ ਵਿਚ ਉਹਨਾਂ ਨੂੰ ਨਾਂ ਦੇ ਕੰਢੇ ਜ਼ਮੀਨ ਅਲਾਟ ਹੋ ਗਈ । ਉਹ ਜ਼ਿਮੀਂਦਾਰ ਕਰਨ ਲੱਗੇ । ਸਿੱਖੀ ਦੇ ਪ੍ਰਚਾਰ ਵਜੋਂ ਉਹਨਾਂ ਦੇ ਵਡੇਰੇ ਬਾਬਾ ਰਾਮ ਸਿੰਘ ਨੇ ਅਧਿਆਤਮ ਤੇ ਸੰਗੀਤ ਦਾ ਮਾਰਗ ਚੁਣ ਲਿਆ । ਬਾਅਦ ਵਿਚ ਇਹ ਘਰਾਣਾ ਗੁਰ-ਕੀਰਤਨ ਨੂੰ ਸਮਰਪਿਤ ਹੋ ਗਿਆ । ਇਸ ਸਮੇਂ ਆਪ ਤਿਨੋਂ ਪੁਤਰ ਸੰਗੀਤ ਸੇਵਾ ਤੇ ਖੋਜ ਵਿਚ ਲੱਗੇ ਹੋਏ ਹਨ । ਵੱਡਾ ਪੁੱਤਰ ਡਾ. ਜਾਗੀਰ ਸਿੰਘ ਪਰਸਿਧ ਕੀਰਤਨੀਏ, ਸ਼ਰੋਮਣੀ ਰਾਗੀ ਤੇ ਕਈ ਹੋਰ ਸਨਮਾਨ ਪਰਾਪਤ ਕਰ ਚੁੱਕੇ ਹਨ ਤੇ 'ਅੰਮ੍ਰਿਤ ਕੀਰਤਨ' ਨਾਮੀ ਰਿਸਾਲਾ ਪ੍ਰਕਾਸ਼ਿਤ ਕਰ ਰਹੇ ਹਨ । ਦੂਜੇ ਪੁਤਰ ਡਾ. ਬਚਿੱਤਰ ਸਿੰਘ ਰੇਡੀਓ, ਟੀ.ਵੀ. ਦੇ ਗਾਇਕ ਕਲਾਕਾਰ, ਕਈ ਸੰਗੀਤ ਪੁਸਤਕਾਂ ਦੇ ਲੇਖਕ ਤੇ ਉਘੇ ਅਧਿਆਪਕ ਹਨ । ਤੀਜੇ ਪੁਤਰ ਡਾ. ਗੁਰਨਾਮ ਸਿੰਘ ਗੁਰੂ ਨਾਨਕ ਵਰਸਿਟੀ ਦੇ ਸੰਗੀਤ ਵਿਭਾਗ ਵਿਚ ਰੀਡਰ ਹਨ । ਉਹਨਾਂ ਨੇ ਕਈ ਸੰਗੀਤ ਪੁਸਤਕਾਂ ਲਿਖੀਆਂ ਤੇ ਸਨਮਾਨ ਪਰਾਪਤ ਕੀਤੇ ਹਨ ।

ਭਾਈ ਸਾਹਿਬ ਦੇ ਅਨੇਕਾਂ ਸ਼ਾਗਿਰਦਾਂ ਵਿਚੋਂ 15 ਦੇ ਕਰੀਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਬਤੌਰ ਰਾਗੀ ਸੇਵਾ ਕਰ ਰਹੇ ਹਨ । ਇਸ ਸਮੇਂ ਆਪ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਇਕ ਕੀਰਤਨ ਚੌਂਕੀ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ । ਗੁਰੂ ਸਾਹਿਬਾਨ ਦੁਆਰਾ ਗੁਰਮਤਿ ਪ੍ਰੰਪਰਾ ਨੂੰ ਆਖਰੀ ਸੁਆਸਾਂ ਤਕ ਆਪਣੀ ਸੇਵਾ ਦੁਆਰਾ ਚਲਾਉਣਾ ਉਹਨਾਂ ਦਾ ਜੀਵਨ ਲਕਸ਼ ਹੈ ।



# ਸਿਦਕਵਾਨ ਸਮਰਪਿਤ ਕੀਰਤਨੀਏ ਭਾਈ ਉੱਤਮ ਸਿੰਘ ਜੀ ਪਤੰਗ

ਸਿਦਵਾਨ ਬਜ਼ੁਰਗਾਂ ਦੀ ਇਕ ਸਨਮਾਨਯੋਗ ਪੀੜ੍ਹੀ ਦੇ ਪ੍ਰਤੀਨਿਧ ਇਕ-ਇਕ ਕਰਕੇ ਕਾਲ ਦੀ ਮੁੱਠੀ ਵਿਚੋਂ ਕਿ ਰਹੇ ਹਨ । ਜੀਵਨ ਭਰ ਆਪਣੇ ਆਦਰਸ਼ ਨੂੰ ਸਮਰਪਿਤ ਇਹ ਮਹਾਨ ਪ੍ਰਤੀਭਾਵਾਨ ਵਿਅਕਤੀ ਸਾਡੀ ਸਦੀ ਦੀ ਮਹਾਨ ਅਨਮੋਲ ਵਿਰਾਸਤ ਹਨ । ਜਿਨ੍ਹਾਂ ਵਿਚੋਂ ਗੁਰੂ ਕੀਰਤਨ ਨੂੰ ਸਮਰਪਿਤ ਨਿਸ਼ਠਾਵਾਨ, ਕੀਰਤਨੀਏ, ਭਾਈ ਸਾਹਿਬ ਭਾਈ ਉਤਮ ਸਿੰਘ ਜੀ "ਪਤੰਗ" ਪ੍ਰਮੁੱਖ ਸਨ । ਗੁਰੂ ਨਾਮਲੇਵਾ ਸਕਸ਼ੀਅਤ ਭਾਈ ਸਾਹਿਬ ਗੁਰਮਤਿ ਸੰਗੀਤ ਦੇ ਆਦਰਸ਼ਕ ਪ੍ਰਤੀਕ ਅਤੇ ਮਰਿਆਦਾ ਦਾ ਅਨੂੱਠਾ ਨਮੂਨਾ ਸਨ ।

ਭਾਈ ਸਾਹਿਬ ਭਾਈ ਉਤਮ ਸਿੰਘ ਜੀ ਦਾ ਜਨਮ 10 ਜੁਲਾਈ, 1928 ਨੂੰ ਪਿੰਡ ਗੋਬਿੰਦਪੁਰਾ ਜ਼ਿਲਾ ਗੁਜਰਾਤ (ਪਾਕਿਸਤਾਨ) ਵਿਖੇ ਹੋਇਆ । ਆਪ ਜੀ ਦੇ ਪਿਤਾ ਬਾਬਾ ਗੁਰਮੁਖ ਸਿੰਘ ਇਸ ਇਲਾਕੇ ਦੀ ਉਘੀ ਸਕਸ਼ੀਅਤ ਅਤੇ ਸਿੰਘ ਸਭਾ ਲਹਿਰ ਦੇ ਸਰਗਰਮ ਵਰਕਰ ਸਨ । ਬਾਸੀ, ਕੀਰਤਨ ਅਤੇ ਸੇਵਾ ਇਨ੍ਹਾਂ ਬਜ਼ੁਰਗਾਂ ਦਾ ਜੀਵਨ ਆਾਰ ਸੀ । ਗੋਬਿੰਦਪੁਰਾ ਪਿੰਡ ਵੀ ਭਾਈ ਸਾਹਿਬ ਦੇ ਪੁਰਖਿਆਂ ਨੇ ਵਸਾਇਆ ਜਿਹੜਾ ਕਿ ਸਿੱਖੀ ਆਦਰਸ਼ ਦਾ ਮਾਡਲ ਪਿੰਡ ਸੀ । ਭਾਈ ਉਤਮ ਸਿੰਘ ਜੀ ਨੇ ਆਪਣੀ ਆਰੰਭਿਕ ਸਿੱਖਿਆ ਮੰਡੀ ਬਹਾਵਲਦੀਨ ਤੋਂ ਅਤੇ ਕੀਰਤਨ ਦੀ ਸਿੱਖਿਆ ਬਜ਼ੁਰਗਾਂ ਤੋਂ ਅਤੇ ਸੰਗੀਤ ਦੀ ਸਿੱਖਿਆ ਬੰਨੇ ਖਾਂ ਦੇ ਭਰਾ ਪਿਆਰੇ ਖਾਂ (ਗੁਜਰਾਤ) ਉਸਤਾਦ ਅਲੀ ਬਕਸ਼ ਦੇ ਸ਼ਿਸ਼ ਤੋਂ ਪ੍ਰਾਪਤ ਕੀਤੀ । ਵੰਡ ਦੇ ਉਜਾੜੇ ਸਮੇਂ ਭਾਈ ਸਾਹਿਬ ਆਪਣੇ ਨਾਲ ਪਾਕਿਸਤਾਨ ਤੋਂ ਕੇਵਲ ਆਪਣਾ ਪਿਆਰਾ ਹਰਮੋਨੀਅਮ ਹੀ ਲਿਆਏ ।

ਆਪ ਨੇ ਕਿਰਸਾਨੀ ਜੀਵਨ ਆਰੰਭ ਕੀਤਾ ਅਤੇ ਪੰਜਾਬ ਤੇ ਯੂ.ਪੀ. ਵਿਖੇ ਰਹੇ । ਉਪਰੰਤ ਵੱਖ-ਵੱਖ ਗੁਰਧਾਮਾਂ ਦੀ ਕੀਰਤਨ ਸੇਵਾ ਤੋਂ ਇਲਾਵਾ ਸਭ ਤੋਂ ਜਿਆਦਾ ਸਮਾਂ ਲਗਭਗ 30 ਸਾਲ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਬਿਤਾਇਆ ਅਤੇ ਇਸ ਇਲਾਕੇ ਵਿਚ ਪੱਕਾ ਨਿਵਾਸ ਕੀਤਾ । ਇਸ ਇਲਾਕੇ ਦੀ ਨਾਮਵਰ ਗੁਰਮੁਖ ਸਕਸ਼ੀਅਤ ਭਾਈ ਸਾਹਿਬ ਸੰਗਤਾਂ ਵਿਚ ਹਰਮਨ ਪ੍ਰਿਯਾ ਅਤੇ ਸਤਿਕਾਰਤ ਵਿਅਕਤੀ ਸਨ ।

ਭਾਈ ਸਾਹਿਬ ਦੇ ਕੀਰਤਨ ਦਾ ਅੰਦਾਜ਼ ਅਤਿਅੰਤ ਟਿਕਾਅ ਭਰਪੂਰ ਸੀ । ਆਪ ਕਿਹਾ ਕਰਦੇ ਸਨ ਕਿ "ਸਹਿਜੇ ਗਾਵਿਆ ਥਾਇ ਪਾਇ" । ਆਪ ਦੀ ਰਸਨਾ ਵਿਚ ਨਾਮ ਬਾਣੀ ਦਾ ਵਾਸ ਸੀ । ਅਤੇ ਜਦੋਂ ਆਪ ਸ਼ੁੱਧ ਕੀਰਤਨ ਰੀਤ ਅਨੁਸਾਰ ਸੁਰਤ ਜੋੜ ਕੇ ਕੀਰਤਨ ਕਰਦੇ ਸਨ ਤਾਂ ਅਧਿਆਤਮ ਮੰਡਲ ਦੇ ਦੇਸ਼ ਦੀਆਂ ਤਾਰੀਆਂ ਲੁਆਉਂਦੇ ਸਨ । ਸਿੱਖ ਕੀਰਤਨ ਦੇ ਆਦਰਸ਼ ਭਾਈ ਸਾਹਿਬ ਨੇ ਆਪਣਾ ਸਮੁੱਚਾ ਜੀਵਨ ਗੁਰੂ ਦੀ ਹਜ਼ੂਰੀ ਤੋਂ ਬਿਨਾਂ ਕੀਰਤਨ ਨਹੀਂ ਕੀਤਾ । ਆਪ ਜੀ ਦੀਆਂ ਸਭ ਉਪਲਬਧ ਰਿਕਾਰਡਿੰਗਜ਼ ਗੁਰੂ ਘਰ ਦੀਆਂ ਹੀ ਹਨ । ਆਪ ਦੀਆਂ ਕੀਰਤਨ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਭਾਸ਼ਾ ਵਿਭਾਗ ਪੰਜਾਬ ਨੇ 1991 ਵਿੱਚ "ਸ਼੍ਰੋਮਣੀ ਰਾਗੀ" ਪੁਰਸਕਾਰ ਚੀਫ ਖਾਲਸਾ ਦੀਵਾਨ ਨੇ ਭਾਈ ਹੀਰਾ ਸਿੰਘ ਐਵਾਰਡ ਗੁਰਮਤਿ ਸੰਗੀਤ ਸੁਸਾਇਟੀ ਨੇ ਕੀਰਤਨ ਸਮਰਾਟ ਅਤੇ ਗੁਰਦੁਆਰਾ ਗਿਆਨ ਪ੍ਰਕਾਸ਼ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਸਮੇਂ ਵਿਸ਼ੇਸ਼ ਸਨਮਾਨ ਦਿੱਤਾ ।

ਭਾਈ ਸਾਹਿਬ ਦੇ ਅਨੇਕ ਸਗਿਰਦ ਦੇਸ਼ ਵਿਦੇਸ਼ ਵਿਚ ਕੀਰਤਨ ਅਤੇ ਸੰਗੀਤ ਦੀ ਸੇਵਾ ਕਰ ਰਹੇ ਹਨ । ਆਪ ਦੇ ਖਾਨਦਾਨ ਵਿਚੋਂ ਸੰਗੀਤ ਤੇ ਕੀਰਤਨ ਦੀ ਸੇਵਾ ਕਰਨ ਵਾਲਿਆਂ ਵਿਚੋਂ ਡਾ. ਜਾਗੀਰ ਸਿੰਘ (ਅੰਮ੍ਰਿਤ ਕੀਰਤਨ), ਸ਼੍ਰੋਮਣੀ ਰਾਗੀ ਡਾ. ਬਚਿੱਤਰ ਸਿੰਘ (ਏ.ਐਸ.ਕਾਲਜ ਖੰਨਾ) ਅਤੇ ਡਾ. ਗੁਰਨਾਮ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਸੰਗੀਤ ਅਤੇ ਕੀਰਤਨ ਦੇ ਖੇਤਰ ਵਿਚ ਆਪਣੇ ਗਾਇਨ, ਪੁਸਤਕਾਂ, ਖੋਜ ਆਦਿਕ ਦੁਆਰਾ ਭਰਪੂਰ ਯੋਗਦਾਨ ਪਾ ਰਹੇ ਹਨ ।

ਭਾਈ ਸਾਹਿਬ ਰਿਟਾਇਰਮੈਂਟ ਉਪਰੰਤ ਗੁਰੂ ਘਰ ਵਿਖੇ ਕੀਰਤਨ ਦੀ ਅਨਿਨ ਸੇਵਾ ਨਿਭਾਉਂਦੇ ਰਹੇ । ਹੇਮਕੁੰਟ ਸਾਹਿਬ ਦੀ ਯਾਤਰਾ ਉਪਰੰਤ ਗੁਰਬਾਣੀ ਦੇ ਪਾਠ ਪ੍ਰਵਾਹ ਦੀ ਧੁੰਨ ਵਿਚ ਆਪਨੇ 21 ਸਤੰਬਰ ਨੂੰ ਅੰਮ੍ਰਿਤ ਵੇਲੇ ਆਪਣੇ ਸਵਾਸ ਤਿਆਗੇ । ਆਪ ਦੀ ਇੱਛਾ ਅਨੁਸਾਰ ਆਪ ਦਾ ਅੰਤਮ ਸੰਸਕਾਰ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੱਛੇ ਕੀਤਾ ਗਿਆ ਅਤੇ ਅੰਮ੍ਰਿਤ ਅਰਦਾਸ ਅਤੇ ਕੀਰਤਨ ਵੀ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ 30 ਸਤੰਬਰ 1995 ਨੂੰ ਕੀਤਾ ਗਿਆ ।

# ਭੈਰਉ ਮਹਲਾ ੫

ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀਂ ਲਾਗੈ ਜਾਂ ਐਸੇ ਬੁਝੀਆ ॥੧॥
ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥
ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ ॥੨॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

ਰਾਗ ਭੈਰਉ ਰੀਤ ਭਾਈ ਉਤਮ ਸਿੰਘ ਪਤੰਗ ਤਾਲ ਸੂਲ ਫਾਕ

| ਸਥਾਈ : x | | 0 | | 2 | | 3 | | 0 | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| ਧੁ | ਪ | ਮ | ਗ | ਮ | ਪ | ਪ | ਪ | ਪ | ਪ |
| ਰਾ | s | ਖਾ | s | ਏ | s | ਕੁ | s | s | ਹ |
| ਗ | – | (ਮ) | – | ਰੇ | – | ਸਾ | - | - | - |
| ਮਾ | s | ਰਾ | s | ਸੁਆ | s | ਮੀ | s | s | s |
| ਗ | ਗ | ਮ | ਮ | ਧੁ | – | ਨੀ | – | – | – |
| ਸ | ਗ | ਲ | ਘ | ਟਾ | s | ਕਾ | s | s | s |
| (ਸਾਂ) | – | ਧੁ | ਧੁ | ਪ | ਪ | ਪ | – | – | – |
| ਅੰ | s | ਤ | ਰ | ਜਾ | s | ਮੀ | s | s | s |
| ਅੰਤਰਾ : | | | | | | | | | |
| ਗ | – | ਮ | ਮ | ਦੁ | ਧੁ | ਨੀ | – | – | – |
| ਊ | s | ਠ | ਤ | ਸੁ | ਖੀ | ਆ | s | s | s |
| ਸਾਂ | – | ਸਂ | ਸਂ | ਰੇਂ | – | ਸਾਂ | ਸਾਂ | – | – |
| ਬੈ | s | ਠ | s | ਤ | ਸੁ | ਖੀ | ਆ | s | s |
| ਨੀ | ਸਾਂ | ਗਂ | ਮਂ | ਰੇਂ | – | ਸਾਂ | – | – | ਸਂ |
| ਭ | ਉ | ਨ | ਹੀ | ਲਾ | s | ਲਗੇ | – | s | ਜਾ |
| (ਸਾਂ) | – | ਨੀ | ਸਾਂ | ਧੁ | ਧੁ | ਪ | – | – | – |
| ਐ | s | ਸੇ | s | ਬੁ | ਝੀ | ਆ | s | s | s |

(ਸੁਰ-ਲਿਪੀ ਕਰਤਾ ਤੇਜਿੰਦਰ ਸਿੰਘ)

# ਰਾਗ ਗਉੜੀ ਰਵਿਦਾਸ ਜੀ (ਗਉੜੀ ਗੁਆਰੇਰੀ)

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ਖਉਫੁ ਨ ਖਤਾ ਨ ਤਰਸੁ ਜਵਾਲ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਸਮਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥

[ਅਰਥ : ਜਿਸ ਆਤਮਕ ਅਵਸਥਾ-ਰੂਪ ਸ਼ਹਿਰ ਵਿਚ ਮੈਂ ਵੱਸਦਾ ਹਾਂ) ਉਸ ਸ਼ਹਿਰ ਦਾ ਨਾਮ ਹੈ ਬੇਗਮਪੁਰਾ (ਭਾਵ, ਉਸ ਅਵਸਥਾ ਵਿਚ ਕੋਈ ਗਮ ਨਹੀਂ ਪੋਹ ਸਕਦਾ); ਉਸ ਥਾਂ ਨਾਹ ਕੋਈ ਦੁੱਖ ਹੈ, ਨਾਹ ਚਿੰਤਾ ਅਤੇ ਨਾਹ ਕੋਈ ਘਬਰਾਹਟ, ਉਥੇ ਦੁਨੀਆ ਵਾਲੀ ਜਾਇਦਾਦ ਨਹੀਂ ਅਤੇ ਨਾਹ ਹੀ ਉਸ ਜਾਇਦਾਦ ਨੂੰ ਮਸੂਲ ਹੈ; ਉਸ ਅਵਸਥਾ ਵਿਚ ਕਿਸੇ ਪਾਪ ਕਰਮ ਕਰਨ ਦਾ ਖ਼ਤਰਾ ਨਹੀਂ; ਕੋਈ ਡਰ ਨਹੀਂ; ਕੋਈ ਗਿਰਾਵਟ ਨਹੀਂ ।੧।

ਉਹ (ਆਤਮਕ ਅਵਸਥਾ ਇਕ ਐਸੀ) ਪਾਤਸ਼ਾਹੀ (ਹੈ ਜੋ) ਸਦਾ ਹੀ ਟਿਕੀ ਰਹਿਣ ਵਾਲੀ ਹੈ, ਉਥੇ ਕਿਸੇ ਦਾ ਦੂਜਾ ਤੀਜਾ ਦਰਜਾ ਨਹੀਂ, ਸਭ ਇਕੋ ਜਿਹੇ ਹਨ; ਉਹ ਸ਼ਹਿਰ ਸਦਾ ਉਘਾ ਹੈ ਤੇ ਵੱਸਦਾ ਹੈ, ਉਥੇ ਧਨੀ ਤੇ ਰੱਜੇ ਹੋਏ ਬੰਦੇ ਵੱਸਦੇ ਹਨ (ਭਾਵ, ਉਸ ਆਤਮਕ ਦਰਜੇ ਤੇ ਜੋ ਜੋ ਅੱਪੜਦੇ ਹਨ ਉਹਨਾਂ ਦੇ ਅੰਦਰ ਕੋਈ ਵਿਤਕਰਾ ਨਹੀਂ ਰਹਿੰਦਾ ਤੇ ਉਹਨਾਂ ਨੂੰ ਦੁਨੀਆ ਦੀ ਭੁੱਖ ਨਹੀਂ ਰਹਿੰਦੀ) ।੨।

(ਉਸ ਆਤਮਕ ਸ਼ਹਿਰ ਵਿਚ ਅੱਪੜੇ ਹੋਏ ਬੰਦੇ ਉਸ ਅਵਸਥਾ ਵਿਚ) ਅਨੰਦ ਨਾਲ ਵਿਚਰਦੇ ਹਨ; ਉਹ ਉਸ (ਰੱਬੀ) ਮਹਲ ਦੇ ਭੇਤੀ ਹੁੰਦੇ ਹਨ; (ਇਸ ਵਾਸਤੇ) ਕੋਈ (ਉਹਨਾਂ ਦੇ ਰਾਹ ਵਿਚ) ਰੋਕ ਨਹੀਂ ਪਾ ਸਕਦਾ । ਚਮਿਆਰ ਰਵਿਦਾਸ ਜਿਸ ਨੇ (ਦੁਖ-ਅੰਦੋਹ ਤਸ਼ਵੀਸ਼ ਆਦਿਕ ਤੋਂ) ਖਲਾਸੀ ਪਾ ਲਈ ਹੈ ਆਖਦਾ ਹੈ-ਅਸਾਡਾ ਮਿੱਤਰ ਉਹ ਹੈ ਜੋ ਅਸਾਡਾ ਸਤਸੰਗੀ ਹੈ ।੩।੨।

ਭਾਵ : ਪ੍ਰਭੂ ਨਾਲ ਮਿਲਾਪ ਵਾਲੀ ਆਤਮਕ ਅਵਸਥਾ ਵਿਚ ਸਦਾ ਅਨੰਦ ਹੀ ਅਨੰਦ ਬਣਿਆ ਰਹਿੰਦਾ ਹੈ ।]

ਰਾਗ ਗਉੜੀ ਗੁਆਰੇਰੀ (ਪੜਤਾਲ) ਰੀਤ : ਭਾਈ ਉਤਮ ਸਿੰਘ 'ਪਤੰਗ'

| | | | | | | | | | | | | | |
|---|---|---|---|---|---|---|---|---|---|---|---|---|---|
| x | | 2 | | 0 | | 3 | | 0 | | 4 | | 0 | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| ਸਥਾਈ : | | | ਗ | ਧ$_{ਮ}$ | ਧ | ਨੀ | (ਸਾਂ) | - | ਨੀਧ | ਮੰ | ਗ | ਰੇ | ਸ਼ਨ਼ੀਧ਼ਨ਼ੀ |
| (ਆੜਾ ਚਾਰ | | | | | | | | | | | | | |
| ਤਾਲ) | | | ਅ | ਬ | ਮੋ | ਹੇ | ਖੂ | s | ਬਵ | ਤ | ਨ | ਗ | ਹsss |
| ਸ$_{ਗ}$ | - | ਗ | ਗ | - | ਧ$_{ਮੰ}$ | | ਧ | - | ਧਧ | ਨੀਧਨੀਧ | ਮ | ਧ | ਰੇਂ |
| ਪਾ | s | ਈ | ਊ | s | ਹਾਂ | s | ਖੈ | s | ਰਿਸ | ਦਾsss | s | ਮੰ | ਰੇ |
| ਸਾਂ | - | ਸਾਂ | ਗ | ਧ$_{ਮੰ}$ | ਧ | ਨੀ | (ਸਾਂ) | - | ਨੀਧ | ਮੰ | ਗ | ਰੇ | ਸ਼ਨ਼ੀਧ਼ਨ਼ੀ |
| ਭਾ | s | ਈ | ਅ | ਬ | ਮੋ | ਹੇ | ਖੂ | s | ਬਵ | ਤ | ਨ | ਗ | ਹsss |

ਅੰਤਰਾ : (ਏਕ ਤਾਲ)

| | | | | | | | | | | | |
|---|---|---|---|---|---|---|---|---|---|---|---|
| x | | 0 | | 2 | | 0 | | 3 | | 4 | |
| 1 | 2 | 3 | 4 | 5 | 6 | 7 | 8 | 9 | 10 | 11 | 12 |
| ਗ | - | - | ਧ$_{ਮ}$ | - | ਧ | ਸਾਂ | - | - | - | - | - |
| ਬੇ | s | s | ਗਮ | - | ਪੁ | ਰਾ | s | s | s | s | s |
| - | - | ਸਾਂ | ਸਾਂ | ਸਾਂ | ਸਾਂ | ਸਾਂ$_{ਨ}$ | s | ਰੇਂ | - | ਸਾਂ | ਸਾ |
| s | s | ਸ | ਹ | ਰ | ਕੋ | ਨਾ | s | s | s | ਉ | s |
| ਧ | - | - | ਨੀ | - | ਸਾਂ | ਸਂਗਂ | - | ਰੇਂ | ਸਂ | ਸਾਂ | ਸਂ |
| ਦੂ | s | s | ਖ | s | ਅੰ | ਦੋਹ | s | s | s | s | ਨ |
| (ਸਂ) | - | - | ਨੀ | - | ਧ | (ਸਂ) | - | - | ਨੀ | - | ਧ |
| ਹੀ | s | s | ਤਿ | s | ਹਿ | ਠਾ | s | s | s | s | ਉ |
| ਗ | - | - | ਧ$_{ਮੰ}$ | - | ਧ | ਸਾਂ | - | - | ਸਾਂ | - | - |
| ਨਾਂ | s | s | ਤ | s | ਸ | ਵੀ | s | s | ਸ | s | s |
| - | ਸਂ | ਸਾਂ | - | ਸਾਂ | ਸਂ | ਸਂ$_{ਨ}$ | - | ਰੇਂ | ਸਂ | ਸਾਂ | ਸਂ |
| - | ਖਿ | ਰਾ | s | ਜੁ | ਨ | ਮਾਂ | s | s | s | ਲ | s |
| - | ਧ | ਧ | ਨੀ | ਨੀ | ਸਾਂ | ਸਂਗਂ | - | ਰੇਂ | ਸਾਂ | ਸਂ | ਸਾਂ |
| s | ਖ | ਉ | ਫੁ | ਨ | ਖ | ਤਾ | s | s | s | s | ਨ |
| - | ਸਾਂ | ਸਾਂ | ਸਂ | ਨੀ | ਧ | (ਸਂ) | - | ਲੀ | ਧ | ਮੰ | ਗ |
| s | ਨ | ਤ | ਰ | ਸੁ | ਜ | ਵਾ | s | s | s | s | ਲ |

(ਸੁਰ ਲਿਪੀ ਕਰਤਾ ਤੇਜਿੰਦਰ ਸਿੰਘ)

# ਆਸਾ ਸ੍ਰੀ ਕਬੀਰ ਜੀਉ

ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮ ਗਵਾਇਆ ॥੧॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨਾ ਜਾਈ ॥੧॥ਰਹਾਉ॥
ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦ ਸੰਜੋਈ ॥੨॥
ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥
ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥

ਰਾਗ ਆਸਾ ਰੀਤ : ਭਾਈ ਉਤਮ ਸਿੰਘ 'ਪਤੰਗ' ਤਾਲ ਦੀਪ ਚੰਦੀ

| | | | | | | | | | | | | | |
|---|---|---|---|---|---|---|---|---|---|---|---|---|---|
| x | | | 2 | | | | 0 | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| ਸਥਾਈ : | | | ਰੇ | ਰੇ | ਮ | ਮ | ਪ | ਪ | – | ਧ | ਨੀ | ਪ | ਧ |
| | | | ਹ | ਰਿ | ਕਾ | ਬਿ | ਲੋ | ਵ | ऽ | ਨਾ | ऽ | ऽ | ਬਿ |
| ਸੰ | ਸੰ- | – | – | – | ਸਾਂ | ਸਾਂ | ਨੀ | ਧ | ਨੀ | ਧ | – | – | – |
| ਲੋ | ਵਹੁ | ऽ | ऽ | ऽ | ਮੇ | ਰੇ | ਭਾ | ऽ | ऽ | ਈ | ऽ | ऽ | ऽ |
| ਧ | ਧ | ਧ | ਧ | ਧ | ਧ | – | ਪ | ਪ | – | ਪ | ਧ | ਮ | ਮ |
| ਸ | ਹ | ਜਿ | ਬਿ | ਲੋ | ਵੋਹ | ऽ | ਜੈ | ਸੇ | ऽ | ऽ | ऽ | ऽ | ऽ |
| ਪ | ਪ | ਪ | ਮ | ਗ | ਰੇ | – | ਸਾ | – | – | – | – | – | – |
| ਤ | ਤੁ | ਨ | ऽ | ਜਾ | ऽ | ऽ | ਈ | ऽ | ऽ | ऽ | ऽ | ऽ | ऽ |
| ਅੰਤਰਾ : | | | | | | | | | | | | | |
| | | | | | | | | | | ਪ | ਪ | ਧ | ਧ |
| | | | | | | | | | | ਸ | ਨ | ਕ | ਸ |
| ਸਾਂ | – | – | ਸਾਂ | – | – | – | ਸਾਂ | – | – | ਰੇਂ | ਰੇਂ | ਰੇਂ | ਰੇਂ |
| ਨੀ | ऽ | ऽ | ਦ | ऽ | ऽ | ऽ | ऽ | ऽ | ऽ | ਅ | ਤੁ | ਨ | ਹੀ |
| ਸਂਰੇਂ | ਰੇਂਗਂ | ਸਂ | ਨੀ | ਧ | ਨੀ | ਪ | – | – | – | – | – | – | – |
| ਪਾऽ | ऽऽ | ऽ | ਇਆ | ऽ | ऽ | ऽ | ऽ | ऽ | ऽ | ऽ | ऽ | ऽ | ऽ |
| ਸਾਂ | – | ਸਾਂ | ਸਾਂ | ਸਾਂ | – | – | ਨੀ | ਸਾਂ | ਨੀ | ਧ | ਧ | ਧ | – |
| ਬੇ | ऽ | ਦ | ਪ | ੜੇ | ऽ | ऽ | ਪ | ੜਿ | ऽ | ਬ੍ਰ | ਹ | ਮੇ | ऽ |
| ਪ | ਧ | ਮ | ਮ | ਪ | – | – | ਮ | ਗ | ਰੇ | ਗ | ਰ | ਸ | – |
| ਜ | ਨ | ਮ | ਗ | ਵਾ | ऽ | ऽ | ਇਆ | ऽ | ऽ | ऽ | ऽ | ऽ | ऽ |

(ਸੁਰ-ਲਿਪੀ ਕਰਤਾ ਤੇਜਿੰਦਰ ਸਿੰਘ)

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਪ੍ਰਿੰ. ਸਾਹਿਬ ਸਿੰਘ

ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕ ਤੁਕੇ ॥ ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ, ਜਨਮੁ ਗਵਾਇਆ ॥੧॥ ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ ਸਹਜਿ ਬਿਲੋਵਹੁ ਜੈਸੇ ਤਤੁ ਨਾ ਜਾਈ ॥੧॥ਰਹਾਉ॥ ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥ ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥ ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧॥ [ਪੰਨਾ ੪੭੮]

**ਅਰਥ :** ਸਨਕ ਸਨੰਦ (ਆਦਿਕ ਬ੍ਰਹਮਾ ਦੇ ਪੁੱਤਰਾਂ) ਨੇ ਭੀ (ਪਰਮਾਤਮਾ ਦੇ ਗੁਣਾਂ ਦਾ) ਅੰਤ ਨਹੀਂ ਲੱਭਾ, ਉਹਨਾਂ ਨੇ ਬ੍ਰਹਮਾ ਦੇ ਰਚੇ ਵੇਦ ਪੜ੍ਹ ਪੜ੍ਹ ਕੇ ਹੀ ਉਮਰ (ਵਿਅਰਥ ਗਵਾ ਲਈ ।੧।

ਹੇ ਮੇਰੇ ਵੀਰ ! ਮੁੜ ਮੁੜ ਪਰਮਾਤਮਾ ਦਾ ਸਿਮਰਨ ਕਰੋ, ਸਹਿਜ ਅਵਸਥਾ ਵਿਚ ਟਿਕ ਕੇ ਸਿਮਰਨ ਕਰੋ ਤਾਂ ਜੁ (ਇਸ ਉਦਮ ਦਾ) ਤੱਤ ਹੱਥੋਂ ਜਾਂਦਾ ਨਾਹ ਰਹੇ (ਭਾਵ, ਪ੍ਰਭੂ ਨਾਲ ਮਿਲਾਪ ਬਣ ਸਕੇ) ।੧।ਰਹਾਉ।

ਹੇ ਭਾਈ ! ਆਪਣੇ ਸਰੀਰ ਨੂੰ ਚਾਟੀ ਬਣਾਓ (ਭਾਵ, ਸਰੀਰ ਦੇ ਅੰਦਰੋਂ ਹੀ ਜੋਤ ਲੱਭਣੀ ਹੈ); ਮਨ ਨੂੰ ਭਟਕਣ ਤੋਂ ਬਚਾਈ ਰੱਖੋ-ਇਹ ਮਧਾਣੀ ਬਣਾਓ; ਇਸ (ਸਰੀਰ ਰੂਪ) ਚਾਟੀ ਵਿਚ (ਸਤਿਗੁਰੂ ਦਾ) ਸ਼ਬਦ-ਰੂਪ ਜਾਗ ਲਾਓ (ਜੋ ਸਿਮਰਨ-ਰੂਪ ਦੁੱਧ ਵਿਚੋਂ ਪ੍ਰਭੂ-ਮਿਲਾਪ ਦਾ ਤੱਤ ਕੱਢਣ ਵਿੱਚ ਸਹਾਇਤਾ ਕਰੇ) ।੨।

ਜੋ ਮਨੁੱਖ ਆਪਣੇ ਮਨ ਵਿਚ ਪ੍ਰਭੂ ਦੀ ਯਾਦ-ਰੂਪ ਰਿੜਕਣ ਦਾ ਆਹਰ ਕਰਦਾ ਹੈ, ਉਸ ਨੂੰ ਸਤਿਗੁਰੂ ਦੀ ਕਿਰਪਾ ਨਾਲ (ਹਰਿ-ਨਾਮ ਰੂਪ) ਅੰਮ੍ਰਿਤ ਦਾ ਸੋਮਾ ਪ੍ਰਾਪਤ ਹੋ ਜਾਂਦਾ ਹੈ ।੩।

ਹੇ ਕਬੀਰ ! ਅਸਲ ਗੱਲ ਇਹ ਹੈ ਕਿ ਜਿਸ ਮਨੁੱਖ ਉਤੇ ਪਾਤਸ਼ਾਹ ਮਿਹਰ ਕਰਦਾ ਹੈ ਉਹ ਪਰਮਾਤਮਾ ਦਾ ਨਾਮ ਸਿਮਰ ਕੇ (ਸੰਸਾਰ-ਸਮੁੰਦਰ ਦੇ) ਪਾਰਲੇ ਕੰਢੇ ਜਾ ਲੱਗਦਾ ਹੈ ।੪।੧।੧੦।

ਭੈਰਉ ਮਹਲਾ ੫ ॥ ਉਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀਂ ਲਾਗੈ ਜਾਂ ਐਸੇ ਬੁਝੀਆ ॥ ੧ ॥ ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥ ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥

**ਅਰਥ :** ਹੇ ਭਾਈ ! ਅਸਾਂ ਜੀਵਾਂ ਦਾ ਰਾਖਾ ਇਕ ਮਾਲਕ-ਪ੍ਰਭੂ ਹੀ ਹੈ । ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਹੈ ।੧। ਰਹਾਉ।

ਹੇ ਭਾਈ ! ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ (ਕਿ ਪਰਮਾਤਮਾ ਹੀ ਸਭ ਦਾ ਰਾਖਾ ਹੈ) ਤਦੋਂ ਉਸ ਨੂੰ ਕਿਸੇ ਕਿਸਮ ਦਾ ਕੋਈ (ਮੌਤ ਆਦਿਕ ਦਾ) ਡਰ ਪੋਹ ਨਹੀਂ ਸਕਦਾ; ਉਹ ਉਠਦਾ ਬੈਠਦਾ ਹਰ ਵੇਲੇ ਆਤਮਕ ਆਨੰਦ ਮਾਣਦਾ ਹੈ ।੧।

ਹੇ ਭਾਈ ! (ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਇਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ, ਤਦੋਂ ਮਨੁੱਖ ਹਰ ਵੇਲੇ ਇਹ ਆਖਣ ਲੱਗ ਪੈਂਦਾ ਹੈ ਕਿ ਹੇ ਸੁਆਮੀ !) ਤੂੰ ਪ੍ਰਭੂ ਹੀ ਹਰ ਥਾਂ ਮੌਜੂਦ ਹੈਂ, ਤਾਂ ਉਹ ਮਨੁੱਖ ਨਿਸਚਿੰਤ ਹੋ ਕੇ ਸੌਂਦਾ ਹੈ ਨਿਸਚਿੰਤ ਹੋ ਕੇ ਜਾਗਦਾ ਹੈ ।੨।

ਹੇ ਨਾਨਕ ! ਆਖ-ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿਚ (ਇਹ) ਉਪਦੇਸ਼ ਪੱਕਾ ਕਰ ਦਿੱਤਾ (ਕਿ ਪਰਮਾਤਮਾ ਹੀ ਅਸਾਂ ਸਭ ਜੀਵਾਂ ਦਾ ਰਾਖਾ ਹੈ,) ਉਹ ਮਨੁੱਖ ਆਪਣੇ ਘਰ ਵਿਚ (ਭੀ) ਸੁਖੀ ਵੱਸਦਾ ਹੈ, ਉਹ ਘਰੋਂ ਬਾਹਰ (ਜਾ ਕੇ) ਭੀ ਆਨੰਦ ਮਾਣਦਾ ਹੈ ।

# ਮਹੀਨਾ ਸਤੰਬਰ/ਅੱਸੂ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲੈਵੇ ਮਾਇ ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨਾ ਜਾਇ ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

## ਗੁਰਪੁਰਬ

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ | ੧੩ ਸਤੰਬਰ |
| ਪਾ: ੫ ਗੁਰਗੱਦੀ ਮਿਲੀ | ੧੪ ਸਤੰਬਰ |
| ਪਾ: ੪ ਜੋਤੀ ਜੋਤਿ ਸਮਾਏ | ੧੬ ਸਤੰਬਰ |
| ਪਾ: ੪ ਗੁਰਗੱਦੀ ਮਿਲੀ | ੨੫ ਸਤੰਬਰ |
| ਪਾ: ੩ ਜੋਤੀ ਜੋਤਿ ਸਮਾਏ | ੨੭ ਸਤੰਬਰ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ | ੫ ਸਤੰਬਰ |
| ਬਾਬੇ ਦਾ ਵਿਆਹ (ਬਟਾਲਾ) | ੧੯ ਸਤੰਬਰ |
| ਜਨਮ ਦਿਨ ਬਾਬਾ ਸ੍ਰੀ ਚੰਦ ਜੀ | ੨੧ ਸਤੰਬਰ |
| ਮੇਲਾ ਬਾਵਨ ਦੁਆਦਸ਼ੀ | ੨੪ ਸਤੰਬਰ |
| ਮੇਲਾ ਛਪਾਰ | ੨੬ ਸਤੰਬਰ |
| ਸ਼ਰਾਧ ਸ਼ੁਰੂ | ੨੭ ਸਤੰਬਰ |
| ਮੇਲਾ ਗੋਇੰਦਵਾਲ ਸਾਹਿਬ | ੨੭ ਸਤੰਬਰ |
| ਜਨਮਦਿਨ ਸਾਹਿਬਜ਼ਾਦਾ ਜੁਝਾਰ ਸਿੰਘ | ੨੯ ਸਤੰਬਰ |

| | | |
|---|---|---|
| ਸੰਮਤ ਬਿਕ੍ਰਮੀ ੨੦੫੩<br>ਸੰਮਤ ਨਾਨਕਸ਼ਾਹੀ ੫੨੭<br>ਸੰਮਤ ਖਾਲਸਾ ੨੯੮<br>ਸੰਮਤ ਸ਼ਾਕਾ ੧੯੧੮ | ਸਤੰਬਰ<br>SEP. 1996 | ਮੱਸਿਆ ੧੨ ਸਤੰਬਰ<br>ਸੰਗਰਾਂਦ ੧੬ ਸਤੰਬਰ<br>ਪੰਚਮੀ ੧੮ ਸਤੰਬਰ<br>ਪੂਰਨਮਾਸ਼ੀ ੨੭ ਸਤੰਬਰ |

| | | | | | |
|---|---|---|---|---|---|
| ਐਤ SUN | ੧<br>੧੭ ਭਾਦਰੋਂ<br>ਭਾਦਰੋਂ ਵਦੀ ੪ | ੮<br>੨੪ ਭਾਦਰੋਂ<br>ਭਾਦਰੋਂ ਵਦੀ ੧੧ | ੧੫<br>੩੧ ਭਾਦਰੋਂ<br>ਭਾਦਰੋਂ ਸੁਦੀ ੨ | ੨੨<br>੭ ਅੱਸੂ<br>ਭਾਦਰੋਂ ਸੁਦੀ ੧੦ | ੨੯<br>੧੪ ਅੱਸੂ<br>ਅੱਸੂ ਵਦੀ ੩ |
| ਸੋਮ MUN | ੨<br>੧੮ ਭਾਦਰੋਂ<br>ਭਾਦਰੋਂ ਵਦੀ ੫ | ੯<br>੨੫ ਭਾਦਰੋਂ<br>ਭਾਦਰੋਂ ਵਦੀ ੧੨ | ੧੬<br>੧ ਅੱਸੂ<br>ਭਾਦਰੋਂ ਸੁਦੀ ੩ | ੨੩<br>੮ ਅੱਸੂ<br>ਭਾਦਰੋਂ ਸੁਦੀ ੧੧ | ੩੦<br>੧੫ ਅੱਸੂ<br>ਅੱਸੂ ਵਦੀ ੪ |
| ਮੰਗਲ TUE | ੩<br>੧੯ ਭਾਦਰੋਂ<br>ਭਾਦਰੋਂ ਵਦੀ ੬ | ੧੦<br>੨੬ ਭਾਦਰੋਂ<br>ਭਾਦਰੋਂ ਵਦੀ ੧੩ | ੧੭<br>੨ ਅੱਸੂ<br>ਭਾਦਰੋਂ ਸੁਦੀ ੪ | ੨੪<br>੯ ਅੱਸੂ<br>ਭਾਦਰੋਂ ਸੁਦੀ ੧੨ | * |
| ਬੁੱਧ WED | ੪<br>੨੦ ਭਾਦਰੋਂ<br>ਭਾਦਰੋਂ ਵਦੀ ੭ | ੧੧<br>੨੭ ਭਾਦਰੋਂ<br>ਭਾਦਰੋਂ ਵਦੀ ੧੪ | ੧੮<br>੩ ਅੱਸੂ<br>ਭਾਦਰੋਂ ਸੁਦੀ ੫ | ੨੫<br>੧੦ ਅੱਸੂ<br>ਭਾਦਰੋਂ ਸੁਦੀ ੧੩ | * |
| ਵੀਰ THU | ੫<br>੨੧ ਭਾਦਰੋਂ<br>ਭਾਦਰੋਂ ਵਦੀ ੮ | ੧੨<br>੨੮ ਭਾਦਰੋਂ<br>ਭਾਦਰੋਂ ਵਦੀ ੩੦ | ੧੯<br>੪ ਅੱਸੂ<br>ਭਾਦਰੋਂ ਸੁਦੀ ੬-੭ | ੨੬<br>੧੧ ਅੱਸੂ<br>ਭਾਦਰੋਂ ਸੁਦੀ ੧੪ | * |
| ਸ਼ੁੱਕਰ FRI | ੬<br>੨੨ ਭਾਦਰੋਂ<br>ਭਾਦਰੋਂ ਵਦੀ ੯ | ੧੩<br>੨੯ ਭਾਦਰੋਂ<br>ਭਾਦਰੋਂ ਸੁਦੀ ੧ | ੨੦<br>੫ ਅੱਸੂ<br>ਭਾਦਰੋਂ ਸੁਦੀ ੮ | ੨੭<br>੧੨ ਅੱਸੂ<br>ਭਾ.ਸੁ.੧੫ ਅਸੂ ਵ.੧ | * |
| ਸ਼ਨੀ SUN | ੭<br>੨੩ ਭਾਦਰੋਂ<br>ਭਾਦਰੋਂ ਵਦੀ ੧੦ | ੧੪<br>੩੦ ਭਾਦਰੋਂ<br>ਭਾਦਰੋਂ ਸੁਦੀ ੨ | ੨੧<br>੬ ਅੱਸੂ<br>ਭਾਦਰੋਂ ਸੁਦੀ ੯ | ੨੮<br>੧੩ ਅੱਸੂ<br>ਅੱਸੂ ਵਦੀ ੨ | * |

ਅਰਥ : ਹੇ ਮਾਂ ! ( ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ । (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿਚ ਮੇਰੇ ਤਨ ਵਿਚ ਪ੍ਰਭੂ ਦੇ ਦਰਸ਼ਨ ਦੀ ਬੜੀ ਪਿਆਸ ਲੱਗੀ ਹੋਈ ਹੈ (ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿਚ ਸਹੈਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ !) ਪ੍ਰਭੂ ਤੋਂ ਬਿਨਾ ਸੁਖ-ਅਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ-ਅਨੰਦ ਦੀ) ਹੋਰ ਕੋਈ ਥਾਂ ਹੀ ਨਹੀਂ ।

ਜਿੰਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ-ਹੇ ਪ੍ਰਭੂ ! ਸਾਨੂੰ ਆਪਣੇ ਲੜ ਲਾਈ ਰੱਖ ।

ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿਚੋਂ) ਵਿੱਛੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ, (ਕਿਉਂਕਿ) ਹੇ ਨਾਨਕ ! (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ ਉਹ ਜੀਵ-ਇਸਤ੍ਰੀਆਂ ਸੁਖ ਵਿਚ ਵੱਸਦੀਆਂ ਹਨ, ਜਿੰਨ੍ਹਾਂ ਉਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ।੮।